6. ਕੋ: ਗਿੱਦੜ ਦੀ ਆਵਾਜ਼ ਸੁਣ ਕੇ ਫਲ ਦਸਣ ਵਾਲੇ ਗ੍ਰੰਥ।
7. ਪੁਰਸ਼ ਤੇ ਇਸਤਰੀਆਂ ਦੇ ਹੱਥਾਂ ਦੀਆਂ ਰੇਖਾਵਾਂ ਦਾ ਗਿਆਨ ਕਰਾਉਨ ਵਾਲੇ ਗ੍ਰੰਥ। ਇਸ ਵਿਚ ਹੱਥ ਪੈਰ ਦੇ ਜੌਂ, ਮੱਛੀ, ਸ਼ੰਖ, ਪਦਮ ਤੇ ਸ੍ਰੀ ਵਤਸ, ਚਕਰ ਦਾ ਗਿਆਨ ਸ਼ਾਮਲ ਹੈ।
8. ਪੁਰਸ਼ ਇਸਤਰੀਆਂ ਦੇ ਸ਼ਰੀਰਕ ਲੱਛਣਾਂ ਨੂੰ (ਮੱਸਾ, ਤਿਲ) ਫਲ ਦਸਣ ਵਾਲ ਗ੍ਰੰਥ।
9. ਇਸਤਰੀ ਦੇ ਸ਼ਰੀਰਕ ਲੱਛਣ ਦਸਣ ਵਾਲੇ ਗ੍ਰੰਥ।
10. ਪੁਰਸ਼ ਦੇ ਸ਼ਰੀਰਕ ਲੱਛਣ ਦਸਣ ਵਾਲੇ ਗ੍ਰੰਥ।
11. ਘੋੜੇ ਦੇ ਲੱਛਣ ਦਸਣ ਵਾਲੇ ਗ੍ਰੰਥ।
12. ਹਾਥੀ ਦੇ ਲੱਛਣ ਦਸਣ ਵਾਲੇ ਗ੍ਰੰਥ।
13. ਗਊ ਦੇ ਲੱਛਣ ਦਸਣ ਵਾਲੇ ਗ੍ਰੰਥ।
14. ਭੇਡ ਦੇ ਲੱਛਣ ਦਸਣ ਵਾਲੇ ਗ੍ਰੰਥ।
15. ਮੁਰਗੇ ਦੇ ਲੱਛਣ ਦਸਣ ਵਾਲੇ ਗ੍ਰੰਥ।
16. ਤਿੱਤਰ ਦੇ ਲੱਛਣ ਦਸਣ ਵਾਲੇ ਗ੍ਰੰਥ।
17. ਬੱਤਖ ਦੇ ਲੱਛਣ ਦਸਣ ਵਾਲੇ ਗ੍ਰੰਥ।
18. ਲਾਵਕ ਦੇ ਲੱਛਣ ਦਸਣ ਵਾਲੇ ਗ੍ਰੰਥ।
19. ਚਕਵੇ ਦੇ ਲੱਛਣ ਦਸਣ ਵਾਲੇ ਗ੍ਰੰਥ।
20. ਛੱਤਰ ਦੇ ਲੱਛਣ ਦਸਣ ਵਾਲੇ ਗ੍ਰੰਥ।
21. ਚਮੜੇ ਵਾਰੇ ਗਿਆਨ ਦੇਣ ਵਾਲੇ ਗ੍ਰੰਥ।
22. ਡੰਡੇ ਤੇ ਪਈ ਗੱਠ ਆਦਿ ਦਾ ਗਿਆਨ ਦੇਣ ਵਾਲੇ ਗ੍ਰੰਥ।
23. ਤਲਵਾਰ ਦੇ ਲੱਛਣ ਦਸਣ ਵਾਲੇ ਗ੍ਰੰਥ।
24. ਮਨੀ ਦੇ ਲੱਛਣ ਦਸਣ ਵਾਲੇ ਗ੍ਰੰਥ।
25. ਕੌਡੀਆਂ ਦੇ ਲੱਛਣ ਦਸਣ ਵਾਲੇ ਗ੍ਰੰਥ।
26. ਕਰੂਪ ਨੂੰ ਸਰੂਪ ਬਨਾਉਣ ਵਾਲੀਆਂ ਵਿਦਿਆਵਾਂ।
27. ਵਿਧਵਾ ਬਨਾਉਣ ਵਾਲੀ ਵਿਦਿਆ, ਸਰੂਪ ਨੂੰ ਕਰੂਪ ਬਨਾਉਣ ਵਾਲੀ ਵਿਦਿਆ।
28. ਗਰਭਵਤੀ ਬਨਾਉਣ ਵਾਲੀ ਵਿਦਿਆ।
29. ਇਸਤਰੀ, ਪੁਰਸ਼ ਨੂੰ ਮੋਹਿਤ ਕਰਨ ਵਾਲੀ ਵਿਦਿਆ।
30. ਜਗਤ ਦਾ ਖਾਤਮਾ ਕਰਨ ਵਾਲੀ ਵਿਦਿਆ, ਫੌਰਨ ਆਫਤ ਪੈਦਾ ਕਰਨ ਵਾਲੇ ਮਨੁੱਖ।

31. ਇੰਦਰ ਜਾਲ ਵਿਦਿਆ।

32. ਉਚਾਟਨ (ਵੱਸ਼ ਵਿਚ ਕਰਨ ਲਈ) ਸ਼ੁਧ ਘਿਓ, ਸ਼ਹਿਦ ਰਾਹੀਂ ਹੋਮ ਕਰਨ ਦੀ ਵਿਦਿਆ।

33. ਖੱਤਰੀਆਂ ਦੀ ਵਿਦਿਆ।

34. ਚੰਦਰਮਾ ਦੀ ਗਤੀ ਦਸਣ ਵਾਲੇ ਗ੍ਰੰਥ।

35. ਸੂਰਜ ਦੀ ਗਤੀ ਦਸਣ ਵਾਲੇ ਗਰੰਥ।

36. ਸ਼ੁਕਰ ਦੀ ਗਤੀ ਦਸਣ ਵਾਲੇ ਗ੍ਰੰਥ।

37. ਬ੍ਰਹਸਪਤੀ ਚਾਲ ਦਸਣ ਵਾਲੇ ਗ੍ਰੰਥ।

38. ਦਿਗਦਾਹ (ਬਾਵਬਰੋਲਾ) ਦਸਣ ਵਾਲੇ ਗ੍ਰੰਥ।

39. ਬਿਜਲੀ ਗਿਰਨ ਤੇ ਦਸਣ ਵਾਲੇ ਗ੍ਰੰਥ।

40. ਪਿੰਡ ਵਿਚ ਵੜਦੇ ਜਾਨਵਰਾਂ ਨੂੰ ਵੇਖ ਕੇ ਸ਼ੁਭ-ਅਸ਼ੁਭ ਦਸਣ ਵਾਲੇ ਗ੍ਰੰਥ।

41. ਕੌਂ ਆਦਿ ਪੰਛੀਆਂ ਦੇ ਬੋਲਨ ਤੇ ਸ਼ੁਭ ਅਸ਼ੁਭ ਫਲ ਦਸਣ ਵਾਲੇ ਗ੍ਰੰਥ।

42. ਧੂਲ ਵਾਲੀ ਵਰਖਾ ਪੈਣ ਤੇ ਫਲ ਦਸਣ ਵਾਲੇ ਗ੍ਰੰਥ।

43. ਬਾਲਾਂ ਦੀ ਵਰਖਾ ਹੋਣ ਤੇ ਫਲ ਦਸਣ ਵਾਲੇ ਗ੍ਰੰਥ।

44. ਮਾਸ ਦੀ ਵਰਖਾ ਹੋਣ ਤੇ ਫਲ ਦਸਣ ਵਾਲੇ ਗ੍ਰੰਥ।

45. ਖੂਨ ਦੀ ਵਰਖਾ ਹੋਣ ਤੇ ਫਲ ਦਸਣ ਵਾਲੇ ਗ੍ਰੰਥ।

46. ਵੈਤਾਲੀ ਵਿਦਿਆ ਦੇ ਅਸਰ ਨਾਲ ਲਕੜੀ ਵਿਚ ਜਾਨ ਪਾਉਣ ਦੀ ਵਿਦਿਆ।

47. ਵੈਤਾਲੀ ਵਿਦਿਆ ਦੀ ਵਿਰੋਧੀ ਵਿਦਿਆ, ਜਿਸ ਕਾਰਣ ਖੜੀ ਸੋਟੀ ਗਿਰਾਈ ਜਾ ਸਕਦੀ ਹੈ।

48. ਮਨੁੱਖ ਨੂੰ ਸੁਲਝਾਉਣ ਦੀ ਵਿਦਿਆ।

49. ਜਿੰਦਰਾ ਖੋਲਣ ਦੀ ਵਿਦਿਆ।

50. ਚੰਡਾਲਾਂ ਦੀ ਵਿਦਿਆ।

51. ਸਾਂਭਰੀ ਵਿਦਿਆ।

52. ਦਰਾਵੀੜਾ ਦੀ ਵਿਦਿਆ।

53. ਕਲਿੰਗੀ ਵਿਦਿਆ।

54. ਗੋਰੀ ਵਿਦਿਆ।

55. ਗੰਧਾਰੀ ਵਿਦਿਆ।

56. ਹੇਠਾਂ ਗਿਰਾਉਣ ਦੀ ਵਿਦਿਆ।

57. ਉੱਪਰ ਉਠਾਉਣ ਦੀ ਵਿਦਿਆ।

58. ਅੰਗੜਾਈ ਸੰਬੰਧੀ ਵਿਦਿਆ ।

59, ਸਤੱਵਨ—ਖੰਭੇ ਦੀ ਤਰ੍ਹਾਂ ਰੋਕਨ ਦੀ ਵਿਦਿਆ ।

60. ਚਿਪਕਾਉਣੀ ਵਿਦਿਆ ।

61. ਰੋਗੀ ਬਨਾਉਣ ਦੀ ਵਿਦਿਆ ।

62. ਨੀਰੋਗ ਕਰਨ ਦੀ ਵਿਦਿਆ ।

63. ਭੂਤ, ਪ੍ਰੇਤ ਦੇ ਕਸ਼ਟ ਦੂਰ ਕਰਣ ਦੀ ਵਿਦਿਆ ।

64. ਲੋਕਾਂ ਦੀਆਂ ਅੱਖਾਂ ਸਾਹਮਣੇ ਗੁਮ ਹੋ ਜਾਣ ਦੀ ਵਿਦਿਆ ।

65. ਛੋਟੀ ਚੀਜ਼ ਨੂੰ ਬੜੀ ਬਨਾਉਣ ਦੀ ਵਿਦਿਆ ।

ਇਨ੍ਹਾਂ ਜਾਂ ਹੋਰ ਅਨੇਕਾਂ ਵਿਦਿਆ ਦਾ ਪ੍ਰਯੋਗ, ਭੋਜਨ, ਪਾਣੀ, ਕਪੜੇ, ਨਿਵਾਸ, ਆਸਨ ਲਈ ਪਾਖੰਡੀ ਲੋਕ ਕਰਦੇ ਹਨ । ਇਸ ਰਾਹੀਂ ਇਹ ਲੋਕ ਆਤਮ ਹਿੱਤ ਤੋਂ ਉਲਟ ਚਲਦੇ ਹਨ । ਸਾਰੀਆਂ ਵਿਦਿਆਵਾਂ ਦਾ ਇਹ ਅਨਾਰਿਆ ਲੋਕ ਸੇਵਨ ਕਰਦੇ ਹਨ ।

ਕਈ ਪਾਪੀ ਲੋਕ ਵਿਸ਼ੈ ਭੋਗਾਂ ਦੀ ਪ੍ਰਾਪਤੀ ਲਈ ਇਨ੍ਹਾਂ ਦਾ ਸਹਾਰਾ ਲੈਂਦੇ ਹਨ । ਇਹ ਵਿਦਿਆ ਪਰਲੋਕ ਜਾਂ ਆਤਮ ਹਿੱਤ ਤੋਂ ਉਲਟ ਹੈ ।

ਭਰਮ ਵਿਚ ਪਏ ਅਨਾਰਿਆ ਇਨ੍ਹਾਂ ਗਲਤ ਵਿਦਿਆਵਾਂ ਦਾ ਅਧਿਐਨ ਤੇ ਪ੍ਰਯੋਗ ਰ ਹੀਂ ਮੌਤ ਸਮੇਂ, ਸਰ ਕਰ ਕਿਸੇ ਅਸੁਰ (ਕਿਲਿਵਿਸ਼) ਸਥਾਨ ਵਿਚ ਪੈਦਾ ਹੁੰਦੇ ਹਨ । ਫੇਰ ਉਹ ਉਮਰ ਪੂਰੀ ਕਰਕੇ, ਅਜੇਹੀ ਯੋਨੀ ਵਿਚ ਪੈਦਾ ਹੁੰਦੇ ਹਨ, ਜਿਥੇ ਉਹ ਬਕਰੇ ਦੀ ਤਰ੍ਹਾਂ ਗੁੰਗੇ ਜਾਂ ਜਨਮ ਤੋਂ ਗੂੰਗਾ ਤੇ ਅੰਨ੍ਹੇ ਹੁੰਦੇ ਹਨ । (30)

**ਮਹਾਪਾਪ—**

ਕੋਈ ਪਾਪੀ ਮਨੁੱਖ ਅਪਣੇ ਲਈ, ਅਪਣੀ ਜਾਤ ਲਈ, ਰਿਸ਼ਤੇਦਾਰਾਂ ਲਈ, ਐਸ਼ ਦੀ ਸਾਮਗਰੀ ਲਈ, ਘਰ ਬਨਾਉਣ ਲਈ ਜਾਂ ਪਰਿਵਾਰ ਦੇ ਗੁਜਾਰੇ ਲਈ, ਅਪਣੇ ਜਾਨ ਪਛਾਣ ਵਾਲੇ ਆਦਮੀ ਜਾਂ ਪੜੋਸੀ ਜਾਂ ਸਾਥੀ ਨਾਲ ਹੇਠ ਲਿਖੇ ਪਾਪ ਕਰਮ ਦਾ ਆਚਰਨ ਕਰਦਾ ਹੈ । ਕੋਈ ਪਾਪੀ ਪੁਰਸ਼, ਕਿਸੇ ਅਗੇ ਜਾਣ ਵਾਲੇ ਮਨੁੱਖ ਦਾ ਧਨ ਖੋ ਲੈਂਦਾ ਹੈ ਜਾਂ ਪਾਪ ਕਰਨ ਹਿੱਤ ਉਸ ਦੀ ਸੇਵਾ ਕਰਦਾ ਹੈ ਜਾਂ ਧਨ ਨੂੰ ਚੋਰੀ ਕਰਨ ਲਈ ਅਗੇ ਆਉਂਦਾ ਹੈ । ਸੰਨ੍ਹ ਲਾਉਂਦਾ ਹੈ, ਗੰਠ ਕੱਟਦਾ ਹੈ, ਭੇਡ ਚਾਰਦਾ ਹੈ, ਸੂਅਰ ਪਾਲਦਾ ਜਾਂ ਚਾਰਦਾ ਹੈ। ਜਾਲ ਸੁਟਕੇ ਮਿਰਗ ਪਕੜਦਾ ਹੈ, ਗਊ ਘਾਤ ਕਰਦਾ ਹੈ, ਕਮਾਈ ਦਾ ਧੰਦਾ ਕਰਦਾ ਹੈ । ਗਊ ਪਾਲਨ ਕਰਦਾ ਹੈ, ਕੁੱਤੇ ਪਾਲਦਾ ਹੈ ਜਾਂ ਕੁੱਤਿਆਂ ਨਾਲ ਸ਼ਿਕਾਰ ਖੇਡਦਾ ਹੈ ।

ਕੋਈ ਪਾਪੀ ਮਨੁੱਖ ਪਿੰਡ ਜਾਂਦੇ ਕਿਸੇ ਅਮੀਰ ਦੇ ਪਿੱਛੇ-ਪਿੱਛੇ ਜਾ ਕੇ ਉਸ ਮਨੁੱਖ ਦੀ ਡੰਡਾ ਮਾਰਕੇ, ਤਲਵਾਰ ਨਾਲ ਕਟਕੇ ਉਸ ਦੀ ਹੱਤਿਆ ਕਰਦਾ ਹੈ । ਸੂਲੀ ਰਾਹੀਂ, ਘਸੀਟ ਕੇ, ਚਾਵੁਕ ਨਾਲ ਮਾਰਦਾ ਹੈ । ਉਸਦਾ ਧਨ ਖੋ ਕੇ ਭੋਜਨ ਪ੍ਰਾਪਤ ਕਰਦਾ ਹੈ ਇਸ

ਪ੍ਰਕਾਰ ਦਾ ਮਹਾਪਾਪ ਕਰਨ ਵਾਲਾ ਮਨੁੱਖ ਸੰਸਾਰ ਵਿਚ ਮਹਾਪਾਪੀ ਹੈ।

ਕੋਈ ਪਾਪੀ ਕਿਸੇ ਧਨਵਾਨ ਦੀ ਸੇਵਾ ਕਰਕੇ, ਅਪਣੇ ਮਾਲਕ ਨੂੰ ਮਾਰਕੇ, ਛੇਦਕੇ ਭੇਦ ਕੇ, ਘਾਤ ਕਰਕੇ. ਜੀਵਨ ਨਾਸ਼ ਕਰਕੇ ਧਨ ਲੁਟਦਾ ਹੈ ਤੇ ਭੋਜਨ ਪ੍ਰਾਪਤ ਕਰਦਾ ਹੈ। ਇਸ ਪ੍ਰਕਾਰ ਉਹ ਮਹਾਪਾਪੀ ਆਪ ਮਹਾਪਾਪ ਕਰਮ ਕਾਰਣ ਮਹਾਪਾਪੀ ਅਖਵਾਉਂਦਾ ਹੈ।

ਕੋਈ ਪਾਪੀ ਜੀਵ ਕਿਸੇ ਪਿੰਡ ਆਏ ਧਨਵਾਨ ਦੇ ਸਾਹਮਣੇ ਜਾ ਕੇ ਉਸਨੂੰ ਰਾਹ ਵਿੱਚ ਰੋਕ ਕੇ, ਮਾਰਕੇ, ਛੇਦਨ, ਭੇਦਨ ਰਾਹੀਂ ਧਨ ਲੁਟਦਾ ਹੈ ਅਤੇ ਗੁਜ਼ਾਰਾ ਕਰਦਾ ਹੈ। ਇਸ ਪ੍ਰਕਾਰ ਮਹਾਨ ਪਾਪ ਕਰਨ ਕਾਰਣ ਸੰਸਾਰ ਵਿੱਚ ਅਪਣੇ ਆਪਨੂੰ ਮਹਾਪਾਪੀ ਨਾਂ ਨਾਲ ਪ੍ਰਸਿਧ ਕਰਦਾ ਹੈ।

ਕੋਈ ਪਾਪੀ ਧੰਨਵਾਨਾਂ ਦੇ ਘਰਾਂ ਵਿਚ ਸੰਨ੍ਹ ਲਗਾਕੇ ਧੰਨ ਚੋਰੀ ਕਰਕੇ ਗੁਜ਼ਾਰਾ ਕਰਦਾ ਹੈ, ਅਗੇ ਮਹਾਪਾਪ ਕਰਨ ਵਾਲਾ ਮਹਾਪਾਪੀ ਅਖਵਾਉਂਦਾ ਹੈ।

ਕੋਈ ਆਦਮੀ ਧੰਨਵਾਨਾਂ ਦੇ ਧੰਨ ਦੀ ਗੱਠ ਕੱਟਕੇ ਮਹਾਪਾਪ ਕਰਮ ਕਰਦਾ ਹੈ ਅਤੇ ਮਹਾਪਾਪੀ ਦੇ ਨਾਂ ਨਾਲ ਪ੍ਰਸਿੱਧ ਹੁੰਦਾ ਹੈ।

ਕੋਈ ਮਨੁੱਖ ਭੇਡਾਂ ਦਾ ਚਰਵਾਹਾ ਬਣਕੇ ਉਨ੍ਹਾਂ ਭੇਡਾਂ ਜਾਂ ਦੂਸਰੇ ਤਰੱਸ (ਹਿਲਨ ਜੁਲਣ) ਵਾਲੇ ਪ੍ਰਾਣੀਆਂ ਨੂੰ ਮਾਰ ਕੇ ਗੁਜ਼ਾਰਾ ਕਰਦਾ ਹੈ ਇਸ ਪ੍ਰਕਾਰ ਦਾ ਪਾਪ ਕਰਮ ਕਰਨ ਵਾਲਾ ਮਹਾ ਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਕਸਾਈ ਬਨ ਕੇ ਭੈਸੇਂ, ਸੂਅਰ ਜਾਂ ਹੋਰ ਹਿਲਨ ਜੁਲਨ ਵਾਲੇ ਜੀਵਾਂ ਦਾ ਘਾਤ ਕਰਦਾ ਹੈ, ਰੋਜੀ ਕਮਾਉਂਦਾ ਹੈ, ਅਜੇਹਾ ਪਾਪ ਕਰਮ ਕਰਨ ਵਾਲਾ ਮਹਾਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਸ਼ਿਕਾਰੀ ਦਾ ਧੰਧਾ ਕਰਕੇ ਹਿਰਨ ਜਾਂ ਦੂਸਰੇ ਹਿਲਨ ਜੁਲਨ ਵਾਲੇ ਪ੍ਰਾਣੀਆਂ ਨੂੰ ਮਾਰਕੇ, ਛੇਦਕੇ ਅਹਾਰ ਤਿਆਰ ਕਰਦਾ ਹੈ ਉਹ ਪਾਪੀ ਇਸ ਪ੍ਰਕਾਰ ਦੇ ਮਹਾਨ ਪਾਪ ਕਰਮ ਕਰਕੇ ਭੋਜਨ ਪ੍ਰਾਪਤ ਕਰਦਾ ਹੈ। ਉਹ ਪਾਪੀ ਅਜੇਹੇ ਮਹਾਪਾਪ ਕਾਰਣ ਮਹਾਪਾਪੀ ਅਖਵਾਉਂਦਾ ਹੈ।

ਕੋਈ ਪਾਪੀ ਪੰਛੀ ਫੜਨ ਦਾ ਧੰਦਾ ਕਰਦਾ ਹੈ। ਪੰਛੀ ਜਾਂ ਹੋਰ ਹਿਲਨ ਜੁਲਨ ਵਾਲੇ ਜੀਵਾਂ ਨੂੰ ਮਾਰਕੇ, ਕੁਟਕੇ ਅਪਣੀ ਰੋਟੀ ਰੋਜੀ ਕਮਾਉਂਦਾ ਹੈ। ਇਸ ਪ੍ਰਕਾਰ ਦਾ ਮਹਾਪਾਪ ਕਰਨ ਵਾਲਾ ਮਹਾਪਾਪੀ ਅਖਵਾਉਂਦਾ ਹੈ।

ਇਨਾਂ ਦੁਸ਼ਟ ਪੁਰਸ਼ਾਂ ਦੀ ਅੰਦਰਲੀ ਪਰਿਸਧ ਹੁੰਦੀ ਹੈ ਜੋ ਇਸ ਪ੍ਰਕਾਰ ਹੈ।

ਮਾਂ, ਪਿਉ, ਭਾਈ ਭੈਣ, ਪਤਨੀ, ਪੁਤਰ, ਪੁੱਤਰੀ ਤੇ ਨੂੰਹ, ਇਨ੍ਹਾਂ ਤੋਂ ਥੋੜਾ ਜੇਹਾ ਕਸੂਰ ਹੋਣ ਤੇ ਵੀ ਉਹ ਪੁਰਸ਼ ਇਨ੍ਹਾਂ ਨੂੰ ਬੜਾ ਦੰਡ ਦਿੰਦੇ ਹਨ।

ਕੋਈ ਪਾਪੀ ਪੁਰਸ਼ ਮੱਛੀਆਂ ਫੜਕੇ ਜਾਂ ਹੋਰ ਹਿਲਨ ਜੁਲਨ ਵਾਲੇ ਜੀਵਾਂ ਨੂੰ ਮਾਰਕੇ ਗੁਜਾਰਾ ਕਰਦਾ ਹੈ ਅਜੇਹੇ ਪਾਪ ਕਰਮ ਕਰਨਵਾਲਾ ਮਹਾਪਾਪ ਕਰਮ ਕਾਰਣ ਮਹਾਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਗਊ ਹਤਿਆ ਜਾਂ ਕਸਾਈ ਦਾ ਧੰਦਾ ਅਪਣਾ ਕੇ ਗਾਂ ਜਾਂ ਹੋਰ ਹਿਲਣ ਜੁਲਣ ਵਾਲੇ ਜੀਵਾਂ ਦਾ ਘਾਤ ਕਰਦਾ ਹੈ ਇਸ ਕੰਮ ਨਾਲ ਗੁਜਾਰਾ ਕਰਦਾ ਹੈ ਇਸ ਮਹਾ-ਪਾਪ ਕਰਮ ਕਾਰਣ ਉਹ ਸੰਸਾਰ ਵਿਚ ਮਹਾਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਗਊ ਪਾਲਨ ਦਾ ਧੰਦਾ ਕਰਕੇ ਬੱਛਿਆਂ ਨੂੰ ਮਾਰਦਾ ਜਾਂ ਕਸਾਈ ਕੋਲ ਬੇਚ ਕੇ ਰੋਟੀ ਰੋਜੀ ਕਮਾਉਂਦਾ ਹੈ, ਉਹ ਇਸ ਕਾਰਣ ਮਹਾਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਕੁੱਤਾ ਪਾਲਕ ਦਾ ਧੰਦਾ ਕਰਦਾ ਹੈ ਤਾਂ ਉਸੇ ਕੁੱਤੇ ਨੂੰ ਜਾਂ ਹੋਰ ਹਿਲਣ ਜੁਲਣ ਵਾਲੇ ਜੀਵਾਂ ਨੂੰ ਮਾਰਕੇ ਰੋਟੀ ਰੋਜੀ ਕਮਾਉਂਦਾ ਹੈ ਅਜੇਹਾ ਮਹਾਪਾਪ ਕਰਨ ਵਾਲਾ ਮਹਾਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਸ਼ਿਕਾਰੀ ਕੁਤਿਆਂ ਰਾਹੀਂ ਜੰਗਲੀ ਜਾਨਵਰਾਂ ਨੂੰ ਮਾਰਨ ਦਾ ਧੰਦਾ ਕਰਦਾ ਨੂੰ ਜਾਂ ਹੋਰ ਹਿਲਨ ਜੁਲਨ ਵਾਲੇ ਜੀਵਾਂ ਦਾ ਘਾਤ ਕਰਦਾ ਹੈ ਇਸ ਢੰਗ ਨਾਲ ਰੋਟੀ ਰੋਜੀ ਕਮਾਉਣ ਵਾਲਾ ਮਹਾਪਾਪੀ ਅਖਵਾਉਂਦਾ ਹੈ। (31)

## ਅਧਰਮ ਦਾ ਸਵਰੂਪ

ਕੋਈ ਮਨੁੱਖ ਸਭਾ ਵਿਚ ਖੜੇ ਹੋਕੇ ਪ੍ਰਤਿਗਿਆ ਕਰਦਾ ਹੈ—"ਮੈਂ ਇਸ ਪ੍ਰਾਣੀ ਨੂੰ ਮਾਰਾਂਗਾ" ਫੇਰ ਉਹ ਤਿੱਤਰ, ਬਤਖ, ਲਾਵਕ, ਕਬੂਤਰ ਕਪਿਜਲ ਜਾਂ ਕਿਸੇ ਹੋਰ ਹਿਲਨ ਜੁਲਨ ਵਾਲੇ ਪ੍ਰਾਣੀ ਨੂੰ ਮਾਰਕੇ ਅਪਣੇ ਇਸ ਮਹਾਪਾਪ ਕਰਮ ਕਾਰਣ ਮਹਾਪਾਪੀ ਅਖ-ਵਾਉਂਦਾ ਹੈ।

ਕੋਈ ਮਨੁੱਖ ਸੜੇ-ਗਲੇ, ਘਟ ਅੰਨ ਦੇਨ ਕਾਰਨ ਜਾਂ ਮਨ ਇਛਿਤ ਸਵਾਰਥ ਸਿਧ ਨਾ ਹੋਣ ਕਾਰਣ ਜਾਂ ਅਪਮਾਨ ਆਦਿ ਕਾਰਣ ਘਰ ਦੇ ਮਾਲਕ ਜਾਂ ਗ੍ਰਹਿਸਥ ਜਾਂ ਉਸਦੇ ਪੁੱਤਰ ਤੇ ਨਰਾਜ ਹੋਕੇ, ਉਨ੍ਹਾਂ ਤੇ ਜਾਂ ਉਨ੍ਹਾਂ ਦੇ ਪੁੱਤਰਾਂ ਦੇ ਚੌਲ, ਜੌਂ, ਕਣਕ ਆਦਿ ਅਨਾਜ ਨੂੰ ਅੱਗ ਲਗਾ ਦਿੰਦਾ ਹੈ ਦੂਸਰੇ ਤੋਂ ਉਸ ਗ੍ਰਹਿਸਥੀ ਦੇ ਅਨਾਜ ਨੂੰ ਅੱਗਾਂ ਲਗ-ਵਾਉਂਦਾ ਹੈ ਜਾਂ ਅੱਗ ਲਗਾਉਣ ਵਾਲੇ ਨੂੰ ਚੰਗਾ ਸਮਝਦਾ ਹੈ। ਅਜੇਹਾ ਪਾਪੀ ਮਹਾਪਾਧ ਕਾਰਣ ਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਸੜੇ-ਗਲੇ ਜਾਂ ਘਟ ਅੰਨ ਕਾਰਣ, ਮਨ ਵਾਂਛਿਤ ਮਹਾਪਾਪ ਸਿੱਧ ਨਾ ਹੋਣ ਤੇ ਅਪਮਾਨ ਵਝੋਂ ਗੁੱਸੇ ਨਾਲ ਤਿਲਮਿਲਾ ਉਠਦਾ ਹੈ। ਉਹ ਗਾਥਾਪਤਿ ਜਾਂ ਗਾਥਾਪਤਿ ਪੁਤਰ ਦੇ ਉਂਠ, ਗਊ, ਘੋੜਾ, ਗਧਿਆਂ ਦੇ ਪੱਟ ਆਦਿ ਅੰਗਾਂ ਨੂੰ ਕਟ ਦਿੰਹਾ

ਹੈ ਦੂਸਰੇ ਤੋਂ ਉਨ੍ਹਾਂ ਦੇ ਅੰਗ ਕਟਵਾ ਦਿੰਦਾ ਹੈ। ਅਜੇਹਾ ਕਰਨ ਵਾਲੇ ਨੂੰ ਚੰਗਾ ਸਮਝਦਾ ਹੈ। ਉਹ ਮਹਾਪਾਪੀ ਪਾਪਕਰਮ ਕਾਰਣ, ਮਹਾਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਅਪਮਾਨ ਵਸ ਜਾਂ ਖਰਾਬ ਘੱਟ ਅੰਨ ਪਾਉਣ ਕਾਰਣ ਮਤਲਵ ਸਿਧ ਨਾ ਹੋਣ ਕਾਰਣ, ਉਪਰੋਕਤ ਗ੍ਰਹਿਸਥੀ ਜਾਂ ਗ੍ਰਹਿਸਥੀ ਪੁੱਤਰ ਵਿਰੁੱਧ ਤੇ ਉਨ੍ਹਾਂ ਤੇ ਗੁਸੇ ਹੋਕੇ ਉਨ੍ਹਾਂ ਦੀ ਉਠ ਸ਼ਾਲਾ, ਗਊਸ਼ਾਲਾ, ਅਸ਼ਵਸ਼ਾਲਾ ਜਾਂ ਗੰਧਰਵ (ਗੱਧਾ) ਸ਼ਾਲਾ ਨੂੰ ਸੁਕੇ ਕੰਡੇ ਝਾੜੀਆਂ ਨਾਲ ਡੱਕ ਕੇ ਅੱਗ ਲਾਉਂਦਾ ਹੈ, ਕਿਸੇ ਤੋਂ ਲਗਵਾਉਂਦਾ ਹੈ, ਅਜੇਹਾ ਕਰਨ ਵਾਲੇ ਨੂੰ ਚੰਗਾ ਸਮਝਦਾ ਹੈ। ਅਜੇਹਾ ਮਹਾਪਾਪ ਕਰਮ ਕਰਨ ਵਾਲਾ ਮਹਾਪਾਪੀ ਅਖ-ਵਾਉਂਦਾ ਹੈ।

ਕੋਈ ਮਨੁੱਖ ਉਪਰੋਕਤ ਕਾਰਨਾਂ ਕਾਰਣ (ਜੋ ਪਹਿਲਾਂ ਦਸੇ ਜਾ ਚੁਕੇ ਹਨ ਉਸ ਗ੍ਰਹਿਸਥੀ ਦੇ ਕੁੰਡਲ, ਮਨਿ ਜਾਂ ਮੋਤੀ ਖੁਦ ਚੋਰੀ ਕਰਦਾ ਹੈ, ਕਿਸੇ ਤੋਂ ਚੋਰੀ ਕਰਵਾਉਂਦਾ ਹੈ ਜਾਂ ਚੋਰੀ ਕਰਨ ਵਾਲੇ ਨੂੰ ਚੰਗਾ ਸਮਝਦਾ ਹੈ ਅਜੇਹਾ ਮਹਾਪਾਪੀ ਅਜੇਹਾ ਪਾਪ ਕਰਮ ਕਾਰਣ ਮਹਾਪਾਪੀ ਅਖਵਾਉਂਦਾ ਹੈ। ਅਜੇਹਾ ਪਾਪੀ ਪਾਪ ਕਰਮ ਦੇ ਫਲ ਦਾ ਜਰਾ ਵੀ ਡਰ ਨਹੀਂ ਮੰਨਦਾ ਹੈ।

ਕੋਈ ਮਨੁੱਖ ਸ਼੍ਰਮਣ ਜਾਂ ਬ੍ਰਾਹਮਣ ਦੇ ਕਿਸੇ ਖਾਣੇ ਨੂੰ ਘਟ ਜਾਂ ਸੜਿਆ ਗਲਿਆ ਅਨਾਜ ਪਾਂਦਾ ਹੈ। ਸ਼ਰਾਬ ਦੀ ਹਾਂਡੀ ਨਾ ਪ੍ਰਾਪਤ ਹੋਣ ਤੇ ਉਨ੍ਹਾਂ ਪ੍ਰਤਿ ਗੁਸੇ ਹੁੰਦਾ ਹੈ।

ਉਹ ਮਨੁੱਖ ਬਿਨਾ ਕਾਰਣ ਸ਼੍ਰਮਣ ਜਾਂ ਬ੍ਰਾਹਮਣ ਤੋਂ ਉਪਰੋਕਤ ਕਾਰਣਾਂ ਕਰਕੇ ਜਾਂ ਸ਼ਰਾਬ ਦੀ ਹਾਂਡੀ ਨਾ ਮਿਲਨ ਕਾਰਣ ਉਨ੍ਹਾਂ ਸ਼੍ਰਮਣਾਂ ਬ੍ਰਾਹਮਣਾਂ ਤੇ ਨਾਰਾਜ ਹੁੰਦਾ ਹੈ। ਉਨ੍ਹਾਂ ਦੀ ਛਤਰੀ, ਡੰਡਾ, ਉਪਕਰਨ, ਭਾਂਡੇ, ਲਾਠੀ, ਆਸਨ, ਵਸਤਰ, ਪਰਦਾ, ਮਛਰਦਾਨੀ ਫਾਲਤੂ ਮਾਸ ਕਟਨ ਵਾਲੀ ਛੁਰੀ ਜਾਂ ਚਮੜੇ ਦੀ ਥੈਲੀ ਖੁੱਦ ਚੁਕਦਾ ਹੈ, ਦੂਸਰੇ ਤੋਂ ਚੁਕਵਾਉਂਦਾ ਹੈ ਅਜੇਹਾ ਕਰਨ ਵਾਲੇ ਨੂੰ ਚੰਗਾ ਸਮਝਦਾ ਹੈ। ਅਜੇਹਾ ਪਾਪੀ ਪਾਪ ਕਰਮਾਂ ਕਾਰਣ ਮਹਾਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਕਿਸੇ ਗ੍ਰਹਿਸਥੀ ਜਾਂ ਗ੍ਰਹਿਸਥੀ ਦੇ ਪੁਤਰਾਂ ਦੇ ਅਨਾਜ ਆਦਿ ਨੂੰ ਖੁਦ ਅੱਗ ਲਗਾਉਂਦਾ ਹੈ ਕਿਸੇ ਤੋਂ ਲਗਵਾਉਂਦਾ ਹੈ ਜਾਂ ਅੱਗ ਲਗਵਾਉਣ ਵਾਲੇ ਨੂੰ ਚੰਗਾ ਸਮਝਦਾ ਹੈ ਅਜੇਹਾ ਪਾਪ ਕਰਮ ਬੰਧ ਕਰਨ ਵਾਲਾ ਮਹਾਪਾਪੀ ਅਖਵਾਉਂਦਾ ਹੈ। ਕੋਈ ਮਨੁੱਖ ਅਪਣੇ ਕੀਤੇ ਕਰਮਾਂ ਦੇ ਫਲ ਦਾ ਜਰਾ ਵਿਚਾਰ ਨਹੀਂ ਕਰਦਾ। ਜਿਵੇਂ ਉਹ ਕਿਸ ਗ੍ਰਹਿਸਥੀ ਜਾਂ ਉਸ ਦੇ ਪੁਤਰਾਂ ਦੇ ਊਠ, ਗਊ, ਘੋੜੇ ਜਾਂ ਗਧੇ ਦੇ ਅੰਗ ਕਟਦਾ ਹੈ ਕਟਾਉਂਦਾ ਹੈ, ਕਟਨ ਵਾਲੇ ਨੂੰ ਚੰਗਾ ਸਮਝਦਾ ਹੈ, ਅਜੇਹਾ ਪਾਪ ਵਿਰਤੀ ਵਾਲਾ ਮਹਾ-ਪਾਪੀ ਅਖਵਾਉਂਦਾ ਹੈ।

ਕੋਈ ਆਦਮੀ ਅਜੇਹਾ ਹੁੰਦਾ ਹੈ ਜੋ ਜਰਾ ਵੀ ਅਪਣੇ ਕੀਤੇ ਕੰਮ ਦਾ ਵਿਚਾਰ ਨਹੀਂ

ਕਰਦਾ। ਉਹ ਗ੍ਰਹਿਸਥੀ ਜਾਂ ਉਨ੍ਹਾਂ ਦੇ ਪੁਤਰਾਂ ਦੀ ਊਠਸ਼ਾਲਾ, ਘੋੜਸਾਲ, ਗਊਸ਼ਾਲਾ ਅਤੇ ਗਧੇਸ਼ਾਲਾ ਨੂੰ ਕੰਡਿਆਂ ਨਾਲ ਢੱਕ ਕੇ ਖੁਦ ਅੱਗ ਲਾਉਂਦਾ ਹੈ ਦੂਸਰੇ ਤੋਂ ਲਗ-ਵਾਉਂਦਾ ਹੈ ਲਾਉਣ ਵਾਲੇ ਨੂੰ ਚੰਗਾ ਸਮਝਦਾ ਹੈ। ਕੋਈ ਮਨੁੱਖ ਅਪਣੇ ਪਾਪ ਕਰਦਾ ਫਲ ਪ੍ਰਤਿ ਨਹੀਂ ਸੋਚਦਾ, ਉਹ ਬਿਨਾ ਕਾਰਣ ਗ੍ਰਹਿਸਥੀ ਜਾਂ ਗ੍ਰਹਿਸਥੀ ਪੁਤਰਾਂ ਦੇ ਕੁੰਡਲ, ਮਨੀ, ਮੋਤੀ ਖੁਦ ਚੋਰੀ ਕਰਦਾ ਹੈ, ਦੂਸਰੇ ਤੋਂ ਕਰਵਾਉਂਦਾ ਹੈ, ਕਰਨ ਵਾਲੇ ਦੀ ਤਾਰੀਫ ਕਰਦਾ ਹੈ।

ਕੋਈ ਮਨੁੱਖ ਪਾਪ ਕਰਮ ਕਰਦੇ ਜਰਾ ਵੀ ਖਿਆਲ ਨਹੀਂ ਕਰਦਾ ਉਹ ਬਿਨਾ ਕਾਰਣ ਸ਼੍ਰਮਣ ਬ੍ਰਾਹਮਣ ਦੀ ਛੱਤਰੀ ਡੰਡਾ, ਉਪਕਰਣ ਭਾਂਡੇ ਆਸਨ ਵਸਤਰ, ਪਰਦਾ, ਮਛਰਦਾਨੀ ਤੋਂ ਲੈਕੇ ਚਰਮ ਛੇਦ ਚਾਕੂ ਛੁਰੀ ਚਮੜੇ ਦੀ ਥੈਲੀ ਤਕ ਸਾਧਨ ਖੁਦ ਚੁਕਦਾ ਹੈ ਦੂਸਰੇ ਤੋਂ ਚੁਕਵਾਉਂਦਾ ਹੈ। ਅਤੇ ਚੁਕਨ ਵਾਲੇ ਨੂੰ ਚੰਗਾ ਸਮਝਦਾ ਹੈ ਇਸ ਪ੍ਰਕਾਰ ਦਾ ਮਨੁੱਖ ਮਹਾਪਾਪ ਕਰਮ ਕਾਰਣ, ਮਹਾਪਾਪੀ ਅਖਵਾਉਂਦਾ ਹੈ।

ਕੋਈ ਪੁਰਸ਼ ਸ਼੍ਰਮਣ, ਬ੍ਰਾਹਮਣ ਨੂੰ ਵੇਖਕੇ ਪਾਪ ਪੂਰਨ ਵਿਵਹਾਰ ਕਰਦਾ ਹੈ ਅਤੇ ਪਾਪ ਕਰਮ ਕਾਰਣ ਮਹਾਪਾਪੀ ਅਖਵਾਉਂਦਾ ਹੈ। ਉਹ ਸਾਧੂ ਨੂੰ ਸਾਹਮਣੇ ਹਟਣ ਲਈ ਚੁਟਕੀ ਬਜਾਉਂਦਾ ਹੈ, ਕਠੋਰ ਵਚਨ ਆਖਦਾ ਹੈ ਭੋਜਨ ਸਮੇਂ ਸਾਧੂ ਨੂੰ ਭੋਜਨ ਪਾਣੀ ਨਹੀਂ ਦਿੰਦਾ ਉਹ ਪਾਪੀ ਪੁਰਸ਼ ਆਖਦਾ ਹੈ "ਇਹ ਭਾਰ ਵਾਲੇ ਜਾਂ ਅਜੇਹੇ ਨੀਚ ਕੰਮ ਕਰਨ ਵਾਲੇ ਦਾਰਿਦਰੀ, ਸ਼ੂਦਰ, ਆਲਸੀ ਹਨ ਜੋ ਆਲਸ ਕਾਰਣ ਜਾਂ ਕੰਮ ਨਾ ਹੋਣ ਕਾਰਣ ਸ਼੍ਰਮਣ ਸਾਧੂ ਬਨਕੇ ਸੁਖੀ ਬਨਣ ਦੀ ਕੋਸ਼ਿਸ ਕਰਦੇ ਹਨ, ਉਹ ਸਾਧੂ ਦਰੋਹੀ ਲੋਕ ਇਸ ਸ਼ਾਧ ਦਰੋਹ ਵਾਲੇ ਜੀਵਨ ਨੂੰ ਉੱਤਮ ਮੰਨਦੇ ਹਨ ਜੋ ਜੀਵਨ ਅਧਿਕਾਰ ਯੋਗ ਹੈ। ਉਹ ਮੂਰਖ ਪਰਲੋਕ ਦੇ ਲਈ ਕੁਝ ਨਹੀਂ ਕਰਦੇ, ਪਰ ਉਹ ਦੁੱਖ, ਸੋਗ, ਪਸ਼ਚਾਤਾਪ ਤੇ ਦੁਖੀ ਹੁੰਦੇ ਹਨ। ਪੀੜ ਤੇ ਸੰਤਾਪ ਨੂੰ ਪ੍ਰਾਪਤ ਕਰਦੇ ਹਨ। ਉਹ ਦੁੱਖ, ਨਿੰਦਾ, ਸੋਗ, ਸੰਤਾਪ, ਪੀੜਾ, ਪਰਿਤਾਪ, ਬੰਧ, ਬੰਧਨ ਆਦਿ ਕਲੇਸ਼ਾਂ ਤੋਂ ਛੁਟਕਾਰਾ ਨਹੀਂ ਪਾਂਦੇ।

ਉਹ ਮਹਾਨ ਆਰੰਭ, ਮਹਾਨ ਸਮਾਆਰੰਭ ਅਤੇ ਅਨੇਕਾਂ ਪ੍ਰਕਾਰ ਦੇ ਮਹਾਆਰੰਭ ਸਮਾਆਰੰਭ ਰਾਹੀਂ ਪਾਪ ਜਨਕ ਕਰਮ ਕਰਦੇ ਹੋਏ ਮਨੁੱਖ ਸੰਬੰਧੀ ਭੋਗਾਂ ਦਾ ਉਪਭੋਗ ਕਰਦੇ ਹਨ ਜਿਵੇਂ ਕਿ ਅੰਨ ਪਾਣੀ ਸਮੇਂ ਅੰਨ ਪਾਣੀ, ਕਪੜੇ ਸਮੇਂ ਕਪੜੇ, ਘਰ ਸਮੇਂ ਘਰ, ਮੰਜੇ ਸਮੇ ਮੰਜਾ ਵਰਤਦੇ ਹਨ।

ਉਹ ਸਵੇਰੇ, ਦੁਪਹਿਰ ਤੇ ਸ਼ਾਮ ਨੂੰ ਇਸ਼ਨਾਨ ਕਰਦੇ ਹਨ। ਉਹ ਦੇਵਤੇ ਦੀ ਆਰਤੀ ਕਰਕੇ ਸੋਨਾ ਚੰਦਨ ਦਹੀਂ ਚੌਲ ਤੇ ਸ਼ੀਸ਼ ਆਦਿ ਮੰਗਲ ਪਦਾਰਥ ਦੇਵਤੇ ਨੂੰ ਅਰਪਨ ਕਰਦੇ ਹਨ। ਇਸ਼ਨਾਨ ਕਰਕੇ, ਮਾਲਾ ਧਾਰਨ ਕਰਦੇ ਹਨ। ਉਹ ਆਪਣੇ ਅੰਗਾਂ ਤੇ ਮਨੀ ਤੇ ਸੋਨਾ ਪਹਿਨ ਕੇ, ਬਨਾਂ ਦੀ ਮਾਲਾ ਦਾ ਮੁੱਕਟ ਧਾਰਨ ਕਰਦੇ ਹਨ।

ਜਵਾਨੀ ਵਿਚ ਉਹ ਰਿਸ਼ਟ ਪੁਸ਼ਟ ਹੁੰਦੇ ਹਨ ਕਰਧਨੀ ਤੇ ਛਾਤੀ ਨੂੰ ਫੁੱਲਾਂ ਦੀ ਮਾਲਾ ਨਾਲ ਸਜਾਉਂਦੇ ਹਨ।

ਉਹ ਬਹੁਤ ਸਾਰ ਤੇ ਨਵੇਂ ਵਸਤਰ ਪਹਿਨਦੇ ਹਨ। ਅਪਣੇ ਅੰਗਾਂ ਤੇ ਚੰਦਨ ਦਾ ਲੇਪ ਕਰਦੇ ਹਨ ਫੇਰ ਉਹ ਸਜਧੱਜ ਕੇ ਮਹਿਲ ਵਿੱਚ ਜਾਂਦੇ ਹਨ। ਉਹ ਇਕ ਬੜੇ ਸਿੰਘਾ-ਸਨ ਤੇ ਬੈਠ ਜਾਂਦੇ ਹਨ।

ਉਥੇ ਉਨ੍ਹਾਂ ਨੂੰ ਚਹੁੰ ਪਾਸਿਆਂ ਤੇ ਔਰਤਾਂ ਘੇਰ ਲੈਂਦੀਆਂ ਹਨ। ਉਨ੍ਹਾਂ ਮਹਿਲਾਂ ਵਿਚ ਸਾਰੀ ਰਾਤ ਦੀਪ ਜਗਮਗਾਉਂਦੇ ਹਨ।

ਫੇਰ ਉਥੇ ਬੜੀ ਸ਼ਾਨ ਸ਼ੌਕਤ ਨਾਲ ਨਾਚ ਗਾਣਾ ਹੁੰਦਾ ਹੈ, ਬਾਜੇ, ਬੀਣਾ, ਤਲ, ਤਾਲ ਤੁਰੁਟਿਤ, ਮਰਦੰਗ ਤੇ ਤਾੜੀਆਂ ਦੀ ਅਵਾਜ਼ਾਂ ਸੁਨਾਈ ਦਿੰਦੀਆਂ ਹਨ।

ਇਸ ਤਰ੍ਹਾਂ ਸਰਵਉਤਮ ਭੋਗ ਭੋਗਦਾ ਉਹ ਪੁਰਸ਼ ਅਪਣਾ ਜੀਵਨ ਗੁਜਾਰਦਾ ਹੈ।

ਉਹ ਆਦਮੀ ਜਦ ਕਿਸੇ ਇਕ ਨੌਕਰ ਨੂੰ ਹੁਕਮ ਦਿੰਦਾ ਹੈ ਤਾਂ ਇਕ ਦੀ ਥਾਂ ਚਾਰ ਪੰਜ ਨੌਕਰ ਬਿਨਾ ਆਖੇ ਹਾਜਰ ਹੁੰਦੇ ਹਨ। (ਉਹ ਆਖਦੇ ਹਨ।)

"ਹੇ ਦੇਵਾਨੁੰਪ੍ਰਿਯ ! ਦਸੋ ਅਸੀਂ ਕੀ ਸੇਵਾ ਕਰੀਏ ? ਕੀ ਚਾਹੀਦਾ ਹੈ ! ਕੀ ਭੇਂਟ ਕਰੀਏ ? ਕੀ ਕੰਮ ਕਰੀਏ ? ਆਪ ਨੂੰ ਕੀ ਚੰਗਾ ਲਗਦਾ ਹੈ ? ਆਪ ਦਾ ਕਿਸ ਵਿਚ ਭੱਲਾ ਹੈ ? ਤੁਹਾਡੇ ਸੁੱਖ ਲਈ ਕੇਹੜੀ ਵਸਤੂ ਚਾਹਿਦੀ ਹੈ ? ਹੁਕਮ ਦੇਵੋ।

"ਅਜੇਹੇ ਪਾਪੀ ਨੂੰ ਸੁੱਖ ਭੋਗਦਾ ਵੇਖਕੇ ਕੁਝ ਅਨਾਰਿਆਂ ਲੋਕ ਆਖਦੇ ਹਨ" ਇਸ ਪੁਰਸ਼ ਸੱਚਮੁੱਚ ਦੇਵਤਿਆਂ ਦੀ ਤਰ੍ਹਾਂ ਹੈ। ਇਹ ਤਾਂ ਦੇਵਤਿਆਂ ਤੋਂ ਉੱਚਾ ਹੈ ਇਹ ਤਾਂ ਦੇਵਤਿਆਂ ਵਰਗਾ ਜੀਵਨ ਜੀ ਰਿਹਾ ਹੈ। ਇਸ ਦੇ ਸਹਾਰੇ ਹੋਰ ਲੋਕ ਵੀ ਆਨੰਦ ਮਾਨ ਰਹੇ ਹਨ।

ਪਰ ਅਜੇਹਾ ਪੁਰਸ਼ ਨੂੰ ਵੇਖ ਕੇ ਆਰਿਆ ਪੁਰਸ਼ ਆਖਦੇ ਹਨ " ਇਹ ਪੁਰਸ਼ ਤਾਂ ਬਹੁਤ ਹੀ ਪਾਪ ਕਰਮ ਕਰਨ ਵਾਲਾ, ਧੋਖੇਵਾਜ ਹੈ ਇਸ ਨੂੰ ਅਪਣੇ ਸ਼ਰੀਰ ਦਾ ਬਹੁਤ ਹੀ ਧਿਆਨ ਹੈ। ਇਹ ਦਖਣ ਦਿਸ਼ਾ ਦਾ ਨਰਕ ਗਾਮੀ ਤੇ ਕ੍ਰਿਸ਼ਨ ਪਖੀ (ਪਾਪੀ ਮਨ ਵਾਲਾ ਜਾਂ ਅਸ਼ੁਭ ਲੇਸ਼ਿਆਵਾਂ) ਵਾਲਾ ਹੈ। ਇਹ ਭਵਿੱਖ ਵਿਚ ਬੜੀ ਮੁਸ਼ਕਿਲ ਨਾਲ ਦੁਰਲਭ ਤਤੱਵ ਗਿਆਨ ਨੂੰ ਪ੍ਰਾਪਤ ਹੋਵੇਗਾ।

ਕੋਈ ਮੂਰਖ ਜੀਵ ਮੋਕਸ਼ ਲਈ ਤਿਆਰ ਹੋਕੇ (ਸਾਧੂ) ਇਸ ਤਰ੍ਹਾਂ ਦੇ ਪਾਪਾਂ ਦੇ ਸੇਵਨ ਦੀ ਇੱਛਾ ਕਰਦੇ ਹਨ। ਕਈ ਗ੍ਰਹਿਸਥ ਵੀ ਅਜੇਹੇ ਪਾਪ ਕਰਦੇ ਹਨ। ਤ੍ਰਿਸ਼ਨਾ ਵਸ਼ ਮਨੁੱਖ ਅਜੇਹੇ ਸੁੱਖ ਪਾਉਣ ਦੀ ਉਧੇੜ ਬੁਨ ਕਰਦੇ ਹਨ ਪਰ ਇਹ ਸਥਾਨ ਬੁਰਾ (ਅਨਾਰਿਆਂ) ਹੈ ਇਹ ਕੰਮ ਕੇਵਲ ਗਿਆਨ ਰਹਿਤ, ਸੱਚੇ ਸੁਖ ਰਹਿਤ, ਨਿਆਂ ਤੋਂ ਦੂਰ

ਹਨ। ਅਪਵਿੱਤਰ ਹਨ। ਕਰਮਰੂਪੀ ਕੰਡਾ ਕਢਨ ਵਾਲੇ ਨਹੀਂ। ਸਿੱਧੀ ਦਾ ਰਾਹ ਨਹੀਂ ਨਿਰਵਾਨ ਨਹੀਂ, ਸੰਸਾਰ ਤੋਂ ਪਾਰ ਕਰਾਉਣ ਵਿੱਚ ਅਸਮਰਥ ਹਨ। ਸਾਰੇ ਦੁਖਾਂ ਦਾ ਖਾਤਮਾ ਕਰਨ ਵਾਲਾ ਨਹੀਂ, ਇਹ ਹਮੇਸ਼ਾ ਝੂਠਾ ਤੇ ਬੁਰਾ ਹੈ।

ਇਹ ਅਧਰਮ ਪੱਖ ਨਾ ਦਾ ਪਹਿਲਾ ਸ਼ਥਾਨ ਹੈ ਅਜੇਹਾ ਤੀਰਥੰਕਰਾਂ ਨੇ ਕਿਹਾ ਹੈ। (32)

## ਧਰਮ ਪੱਖ

ਇਸਤੋਂ ਵਾਅਦ ਦੂਸਰੇ ਸਥਾਨ ਧਰਮਪੱਖ ਨੂੰ ਆਖਦੇ ਹਨ ਉਸਦਾ ਰਾਹ ਇਸ ਪ੍ਰਕਾਰ ਹੈ।

"ਇਸ ਮਨੁੱਖ ਲੋਕ ਵਿੱਚ ਪੂਰਵ, ਪਛਮ, ਉਤਰ, ਦੱਖਨ ਦਿਸ਼ਾਵਾਂ ਵਿਚ ਅਨੇਕਾਂ ਤਰ੍ਹਾਂ ਦੇ ਲੋਕ ਰਹਿੰਦੇ ਹਨ। ਕੋਈ ਆਰਿਆ ਹਨ ਕੋਈ ਅਨਾਰਿਆ ਹਨ, ਕੋਈ ਵਿਸ਼ਾਲ ਸ਼ਰੀਰ ਵਾਲੇ ਹਨ, ਕੋਈ ਸੁੰਦਰ ਹਨ ਕੋਈ ਖਰਾਬ ਹਨ। ਕਈ ਸਵਰੂਪ ਹਨ ਕਈ ਕਰੂਪ ਹਨ। ਇਨ੍ਹਾਂ ਮਨੁੱਖਾਂ ਕੋਲ ਘਰ ਤੇ ਖੇਤ ਹੁੰਦੇ ਹਨ। ਇਹ ਸਾਰੀਆਂ ਗੱਲਾਂ ਪੁੰਡਰੀਕ ਅਧਿਐਨ ਦੀ ਤਰ੍ਹਾਂ ਸਮਝਣੀ ਚਾਹੀਦੀ ਹੈ। ਅਤੇ ਉਸੇ ਪਾਠ ਅਨੁਸਾਰ ਜੋ ਪੁਰਸ਼ ਸਾਰੇ ਕਸ਼ਾਏ ਤੋਂ ਉਪਸ਼ਾਂਤ ਹਨ। ਇੰਦਰੀਆਂ ਭੋਗਾਂ ਤੋਂ ਦੂਰ ਹਨ ਉਹ ਧਰਮ ਪਖ ਵਾਲੇ ਹਨ। ਇਸ ਸਥਾਨ ਆਰਿਆ ਹੈ ਕੇਵਲ ਗਿਆਨ ਦਾ ਕਾਰਣ, ਦੁੱਖਾਂ ਦਾ ਨਾਸ਼ਕ ਹੈ। ਇਹੋ ਸਿਰਫ ਸਮਿਅੱਕ (ਠੀਕ) ਹੈ ਉੱਤਮ ਸਥਾਨ ਹੈ, ਇਹ ਦੂਸਰਾ ਸਥਾਨ ਧਰਮ ਪੱਖ ਹੈ। ਇਸ ਦਾ ਵਿਚਾਰ ਇਸ ਪ੍ਰਕਾਰ ਕੀਤਾ ਗਿਆ ਹੈ। (33)

## ਮਿਸ਼ਰ (ਧਰਮ ਅਧਰਮ)

ਇਸਤੋਂ ਵਾਅਦ ਤੀਸਰਾ ਸਥਾਨ ਮਿਸ਼ਰ ਪੱਖ ਅਖਵਾਉਂਦਾ ਹੈ। ਉਸ ਦਾ ਵਿਚਾਰ ਇਸ ਪ੍ਰਕਾਰ ਹੈ—

"ਇਸ ਦੇ ਅਧਿਕਾਰੀ ਜੰਗਲ ਵਿੱਚ ਰਹਿਨ ਵਾਲੇ ਤਾਪਸ ਹਨ ਜੋ ਕੁਟਿਆ ਬਨਾ ਕੇ ਰਹਿੰਦੇ ਹਨ। ਉਹ ਪਿੰਡਾਂ ਦੇ ਕਰੀਬ ਜਾਂ ਏਕਾਂਤ ਵਿੱਚ ਰਹਿਨ ਵਾਲੇ ਜਾਂ ਕਿਸੇ ਗੁਪਤ (ਧਾਰਮਿਕ) ਕ੍ਰਿਆ ਕਰਨ ਵਾਲੇ ਹਨ।

ਇਹ ਲੋਕ ਦੇਹ ਛੱਡਕੇ ਕਿਲਵਸ਼ੀ ਦੇਵ ਹੁੰਦੇ ਹਨ ਫੇਰ ਮੁੜਕੇ ਗੁੰਗੇ, ਅੰਨੇ ਬਣਦੇ ਹਨ। ਉਹ ਜਿਸ ਮਾਰਗ ਤੇ ਚਲਦੇ ਹਨ ਉਹ ਮਿਸ਼ਰ ਮਾਰਗ ਹੈ ਇਹ ਸਥਾਨ ਅਨਾਰਿਆ ਹੈ ਕੇਵਲ ਗਿਆਨ ਵਾਲਾ ਨਹੀਂ, ਦੁੱਖਾਂ ਤੋਂ ਛੁਟਕਾਰਾ ਨਹੀਂ ਦਿਵਾਉਂਦਾ। ਮਿਥਿਆ ਤੇ ਖਰਾਬ ਹੈ। ਇਹ ਤੀਸਰੇ ਸਥਾਨ ਦਾ ਵਿਚਾਰ ਕਿਹਾ ਗਿਆ ਹੈ। (34)

## ਅਧਰਮ ਪੱਖ ਵਾਰੇ ਵਿਚਾਰ

ਇਹ ਜੋ ਪਹਿਲਾ ਅਧਰਮ ਪੱਖ ਹੈ ਉਸ ਵਾਰੇ ਇਥੇ ਵਿਚਾਰ ਕੀਤਾ ਜਾਂਦਾ ਹੈ! ਇਸ

ਲੋਕ ਵਿੱਚ ਪੂਰਵ ਆਦਿ ਚਾਰੇ ਦਿਸ਼ਾਵ ਵੱਲ ਅਜੇਹੇ ਲੋਕ ਵੀ ਰਹਿੰਦੇ ਹਨ। ਜੋ ਗ੍ਰਿਹਸਥ ਹਨ। ਜੋ ਪਰਿਵਾਰਕ ਜੀਵਨ ਗੁਜਾਰਦੇ ਹਨ ਬੜੀਆਂ ਲੰਬੀਆਂ ਇਛਾਵਾਂ ਵਾਲੇ ਮਹਾਨ ਆਰੰਬ (ਹਿੰਸਾ) ਕਰਨ ਵਾਲੇ, ਤੇ ਮਹਾਪਰਿਗ੍ਰਹਿ (ਸੰਗ੍ਰਹਿਕ) ਹਨ ਉਹ ਖੁਦ ਅਧਰਮ ਕਰਦੇ ਹਨ। ਅਧਰਮ ਕਰਨੇ ਵਾਲੇ ਦੇ ਪਿਛੇ ਚਲਦੇ ਹਨ। ਅਧਰਮ ਨੂੰ ਅਪਣਾ ਈਸ਼ਟ ਮੰਨਕੇ ਚਰਚਾ ਕਰਦੇ ਹਨ। ਅਧਰਮੀ ਧੰਦੇ ਕਰਦੇ ਹਨ ਅਧਰਮ ਨਾਲ ਲਗਾਵ ਰਖਦੇ ਹਨ। ਉਹ ਅਧਰਮੀ ਸੁਭਾਵ ਤੇ ਆਚਰਨ ਵਾਲੇ, ਅਧਰਮ ਨਾਲ ਗੁਜਾਰਾ ਕਰਕੇ ਉਮਰ ਪੂਰੀ ਕਰਦੇ ਹਨ।

ਉਹ ਹਮੇਸ਼ਾ ਇਹੋ ਹੁਕਮ ਦਿੰਦੇ ਹਨ—"ਪ੍ਰਾਣੀਆਂ ਦੀ ਹਿੰਸਾ ਕਰੋ, ਕਟ ਦੇਵੋ ,ਮਾਰੋ, ਛੇਦੋ ਭੇਦੋ। ਜੋ ਪਸ਼ੂਆਂ ਦੀ ਚੰਮ ਉਧੇੜ ਕੇ ਖੂਨ ਨਾਲ ਹੱਥ ਰੰਗਦੇ ਹਨ ਉਹ ਬੜੇ ਕਰੋਧੀ ਭਿਅੰਕਰ, ਅਤੇ ਨੀਚ ਹਨ ਅਜੇਹਾ ਮਨੁੱਖ ਪਾਪ ਵਿਚ ਹਿੰਮਤ ਵਿਖਾਉਂਦੇ ਹਨ।

ਉਹ ਪ੍ਰਾਣੀਆਂ ਨੂੰ ਉਪਰ ਉਛਾਲ ਕੇ ਸੂਲ ਤੇ ਚੜਾਉਂਦੇ ਹਨ ਦੂਸਰੇ ਨੂੰ ਠਗਦੇ ਹਨ ਮਾਇਆ (ਕਪਟ) ਕਰਦੇ ਹਨ। ਅਤੇ ਬਗੁਲੇ ਭਗਤ ਬਨਦੇ ਹਨ। ਘੱਟ ਜੋਖਦੇ ਹਨ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਦੇ ਹਨ ਦੇਸ਼ ਭੇਖ ਅਤੇ ਭਾਸ਼ਾ ਬਦਲ ਕੇ ਧੋਖਾ ਦਿੰਦੇ ਹਨ। ਉਹ ਦੁਰਾਚਾਰੀ ਦੁਸ਼ਟ, ਬੁਰੇ ਵਰਤਾਂ (ਪ੍ਰਤਿਗਿਆ) ਵਾਲੇ ਦੁੱਖ ਰਾਹੀਂ ਖੁਸ਼ ਰਹਿਨ ਵਾਲੇ ਦੁਰਜ਼ਨ ਹੁੰਦੇ ਹਨ।

ਅਜੇਹਾ ਆਦਮੀ ਸਾਰੀਆਂ ਹਿੰਸਾਵਾਂ ਤੋਂ ਨਹੀਂ ਛੁੱਟ ਸਕਦੇ। ਉਹ ਅਸੱਤ ਚੋਰੀ ਵਿਭੱਚਾਰ, ਸਮੇਤ ਸਾਰੇ ਪਰਿਗ੍ਰਹਿ ਤੋਂ ਜੀਵਨ ਭਰ ਛੁਟਕਾਰਾ ਨਹੀਂ ਪਾ ਸਕਦੇ। ਉਹ ਕਰੋਧ ਤੋਂ ਲੈਕੇ ਮਿਥਿਆ ਦਰਸ਼ਨ ਤਕ 18 ਪਾਪਾਂ ਤੋਂ ਜੀਵਨ ਤਕ ਛੁਟਕਾਰਾ ਹਾਸਲ ਨਹੀਂ ਕਰ ਸਕਦੇ। ਉਹ ਜਿੰਦਗੀ ਭਰ ਇਸ਼ਨਾਨ, ਤੇਲ ਮਾਲਿਸ਼, ਸ਼ਰੀਰ ਦੀ ਮੇਕਅਪ-ਖੁਸ਼ਬੂ, ਚੰਦਨ ਦੇ ਲੇਪ, ਮਿੱਠੇ ਸ਼ਬਦ, ਸਪਰਸ਼ ਰਸ, ਰੰਗ ਤੇ ਗੰਧ ਵਿਚ ਫਸ ਗਏ ਹਨ। ਫੁਲਾਂ ਦੇ ਹਾਰ ਤੇ ਗਹਿਣੇ ਧਾਰਣ ਕਰਦੇ ਹਨ। ਇਨ੍ਹਾਂ ਭੋਗ ਪਦਾਰਥਾਂ ਦਾ ਤਿਆਗ ਨਹੀਂ ਕਰਦੇ।

ਜੋ ਮਨੁੱਖ ਗੱਡੀ, ਰੱਥ, ਸਵਾਰੀ, ਡੋਲੀ, ਜਹਾਜ ਤੇ ਪਾਲਕੀ, ਸਵਾਰੀ ਤੇ ਚੜ੍ਹਦੇ ਹਨ। ਸੈਯਾ, ਆਸਨ, ਸਵਾਰੀ, ਜਹਾਜ, ਭੋਗ ਤੇ ਭੋਜਨ ਨੂੰ ਜੀਵਨ ਭਰ ਨਹੀਂ ਛਡਦੇ। ਜੋ ਇਨ੍ਹਾਂ ਚੀਜਾਂ ਦੀ ਖਰੀਦ, ਫਰੋਖਤ, ਤੋਲਾ, ਅੱਧ ਤੋਲੇ, ਮਾਸਾ, ਅਧਾ ਮਾਸ਼ਾ ਆਦਿ ਵਿਵਹਾਰ ਤੋਂ ਜੀਵਨ ਭਰ ਛੁਟਕਾਰਾ ਨਹੀਂ ਪਾਉਂਦੇ।

ਜੋ ਸੋਨਾ, ਚਾਂਦੀ, ਧਨ, ਅਨਾਜ, ਮੱਠੀ, ਮੋਤੀ, ਸੰਖ, ਸ਼ਿਲਾ, ਪ੍ਰਵਾਰ, ਆਦਿ ਦੇ ਸੰਗ੍ਰਹਿ ਤੋਂ ਜੀਵਨ ਭਰ ਛੁਟਕਾਰਾ ਨਹੀਂ ਪਾਉਂਦੇ।

ਜੋ ਝੂਠੇ ਮਾਪ ਤੋਲ, ਘੱਟ ਜੋਖਨ, ਮਾਪਨ ਤੋਂ ਛੁਟਕਾਰਾ ਪ੍ਰਾਪਤ ਨਹੀਂ ਕਰਦੇ,

ਜੋ ਸਾਰੇ ਪ੍ਰਕਾਰ ਦੇ ਆਰੰਭ ਤੇ ਸਮਾਆਰੰਭ ਦਾ ਜਿੰਦਗੀ ਭਰ ਲਈ ਤਿਆਗ ਨਹੀਂ ਕਰਦੇ।

ਸਭ ਪ੍ਰਕਾਰ ਦੇ ਪਾਪ ਕਰਮਾਂ ਨੂੰ ਕਰਨ, ਕਰਾਉਣ ਤੋਂ ਜੀਵਨ ਭਰ ਨਹੀਂ ਛੁਡਦੇ। ਜੋ ਅੰਨ ਪਕਾਉਣ, ਦੂਸਰੇ ਤੋਂ ਪਕਵਾਨ ਆਦਿ ਕ੍ਰਿਆਵਾਂ ਤੋਂ ਛੁਟਕਾਰਾ ਨਹੀਂ ਪ੍ਰਾਪਤ ਕਰਦੇ।

ਜੋ ਜਿੰਦਗੀ ਭਰ ਲਈ ਜੀਵਾਂ ਨੂੰ ਕੁਟਣ ਪਿਸਨ, ਧਮਕਾਉਨ, ਮਾਰਨ, ਹਤਿਆ ਕਰਨ ਤੇ ਬੰਧਨ ਰਾਹੀਂ ਹਰ ਪ੍ਰਕਾਰ ਦੇ ਕਲੇਸ਼ਾਂ ਤੋਂ ਛੁਟਕਾਰਾ ਨਹੀਂ ਪਾਉਂਦੇ।

ਇਹ ਤੇ ਹੋਰ ਦੂਸਰੇ ਕਰਮ ਜੋ ਪ੍ਰਾਣੀਆਂ ਨੂੰ ਕਲੇਸ਼ ਤੇ ਸੰਤਾਪ ਦੇਨ ਵਾਲੇ ਹਨ। ਪਾਪ ਵਾਲੇ ਤੇ ਬੋਧੀ (ਗਿਆਨ) ਬੀਜ਼ ਨਸ਼ਟ ਦਾ ਕਾਰਣ ਹਨ, ਜੋ ਅਨਾਰਿਆ ਪੁਰਸ਼ਾਂ ਰਾਹੀਂ ਕੀਤੇ ਜਾਂਦੇ ਹਨ "ਉਨ੍ਹਾਂ ਕਰਮਾਂ ਤੋਂ ਉਹ ਮਨੁੱਖ ਜੀਵਨ ਭਰ ਛੁਟਕਾਰਾ ਨਹੀਂ ਪਾਉਂਦਾ, ਉਹ ਸਭ ਏਕਾਂਤ (ਇਕ ਪ੍ਰਕਾਰ) ਅਧਰਮ ਸਥਾਨ ਦਾ ਸੇਵਨ ਕਰਦੇ ਹਨ।

ਜਿਵੇਂ ਕੋਈ ਬਹੁਤ ਹੀ ਦੁਸ਼ਟ ਪੁਰਸ਼ ਚੌਲ, ਮਸਰ, ਤਿਲ, ਮੂੰਗ, ਉੜਦ, ਨਿਸ਼ਪਾਵ, ਕੁਲਥੀ, ਚਵਲਾ, ਪਰਿਮੰਥਕ ਆਦਿ ਅਨਾਜ ਨੂੰ ਬਿਨਾ ਕਾਰਣ ਦੰਡ ਦਿੰਦੇ ਹਨ।

ਇਸੇ ਤਰ੍ਹਾਂ ਕੋਈ ਦੁਸ਼ਟ ਤੀਤਰ, ਬਟੇਰ, ਲਾਵਕ, ਕਬੂਤਰ, ਕਪਿਜਲ, ਮਿਰਗ, ਤੇ ਮੈਂਸ ਤੋਂ ਸੂਅਰ, ਘੜਿਆਲ, ਮਗਰਮੱਛ, ਗੋਹ ਨੂੰ ਤੇ ਜਮੀਨ ਤੇ ਸਿਰਕ ਕੇ ਚਲਨ ਵਾਲੇ ਜਾਨਵਰਾਂ ਨੂੰ ਬਿਨਾ ਕਾਰਣ ਕਸ਼ਟ ਦੰਡ ਦਿੰਦਾ ਹੈ।

ਇਨ੍ਹਾਂ ਦੁਸ਼ਟ ਪੁਰਸ਼ਾਂ ਦੀ ਜੋ ਬਾਹਰਲੀ ਪਰਿਸ਼ਧ ਹੁੰਦੀ ਹੈ ਉਹ ਇਸ ਪ੍ਰਕਾਰ ਆਖੀ ਗਈ ਹੈ—

ਦਾਸੀ ਪੁੱਤਰ (ਦਾਸ) ਸੇਨੇਹਾ ਲੇ ਜਾਨ ਵਾਲੇ, ਭੋਗ ਸਾਮਗਰੀ ਦੇਨ ਵਾਲੇ ਪੁਰਸ਼ ਦੂਤ, ਤਨਖਾਹ ਲੈਣ ਵਾਲੇ, ਛੇਵੇਂ ਭਾਗ ਤੇ ਖੇਤੀ ਬਟਾਈ ਕਰਨ ਵਾਲੇ, ਹੋਰ ਕੰਮ ਕਰਨ ਵਾਲੇ, ਤੇ ਭੋਗ ਸਾਮੱਗਰੀ ਦੇਨ ਵਾਲੇ ਪੁਰਸ਼ ਹੁੰਦੇ ਹਨ। ਇਨ੍ਹਾਂ ਲੋਕਾਂ ਵਿਚ ਕਿਸੇ ਵੀ ਪੁਰਸ਼ ਤੋਂ ਛੋਟਾ ਜੇਹਾ ਕਸੂਰ ਹੋਣ ਤੇ ਦੁਸ਼ਟ ਪੁਰਸ਼ ਇਨ੍ਹਾਂ ਨੂੰ ਕਠੋਰ ਦੰਡ ਦਿੰਦੇ ਹਨ।

ਉਹ ਦੁਸ਼ਟ ਆਖਦੇ ਹਨ "ਇਸ (ਦੋਸ਼ੀ) ਪੁਰਸ਼ ਨੂੰ ਦੰਡ ਨਾਲ ਕੁਟੋ, ਮਾਰੋ, ਸਿਰ ਮੁਨਾਵੋ ਡਾਂਟੋ, ਲਾਠੀ ਨਾਲ ਕੁਟੋ, ਹਥ ਪੈਰ ਪਿਛੇ ਦੀ ਬਨ ਦੇਵੋ, ਬੇੜੀ ਪਾਵੋ, ਹਾਂਡੀ ਬੰਧਨ ਕਰ ਦੇਵੋ, ਜੇਲ ਵਿੱਚ ਸੁਟ ਦੇਵੋ, ਹਥਕੜੀ ਵੰਨ ਕੇ ਅੰਗਾਂ ਨੂੰ ਮਰੋੜ ਦੇਵੋ, ਹੱਥ ਕਟ ਦੇਵੋ, ਪੈਰ ਕਟ ਦੇਵੋ, ਨੰਕ, ਹਥ, ਸਿਰ ਤੇ ਮੂੰਹ ਕੱਟ ਦੇਵੋ। ਚਾਵੁਕ ਮਾਰ-ਮਾਰ ਕੇ ਬੇਹੋਸ਼ ਕਰ ਦੇਵੋ, ਅੰਗ-ਅੰਗ ਢਿਲਾ ਕਰ ਦੇਵੋ, ਚਾਬੁਕ ਨਾਲ ਮਾਰਕੇ ਖੱਲ ਖਿੱਚ ਲਵੋ, ਇਨ੍ਹਾਂ ਦੀ ਅੱਖ ਕੱਢ ਲਵੋ। ਦੰਦ, ਅੰਡ ਕੋਸ਼, ਜੀਭ ਪੁਟੋ, ਉਲਟਾ ਲਟਕਾ ਦੇਵੋ, ਜਮੀਨ ਤੇ ਘਸੀਟੋ, ਪਾਣੀ

ਵਿੱਚ ਡੁਬੋ ਦੇਵੇ, ਸੂਲੀ ਤੇ ਚੜਾ ਦੇਵੇ, ਸੂਲ ਚੁਭੋ ਕੇ ਟੁਕੜੇ ਕਰ ਦੇਵੇ, ਇਨ੍ਹਾਂ ਅੰਗਾਂ ਨੂੰ ਜਖ਼ਮੀ ਕਰਕੇ ਲੂਣ ਛਿੜਕ ਦੇਵੇ, ਮੌਤ ਦੀ ਸਜਾ ਦੇ ਦੇਵੇ, ਇਨ੍ਹਾਂ ਨੂੰ ਸ਼ੇਰ ਜਾਂ ਬਲੱਦ ਦੀ ਪੂੰਛ ਨਾਲ ਬੰਨ੍ਹ ਦੇਵੇ, ਅੱਗ ਰਾਹੀਂ ਝੁਲਸ ਦੇਵੇ, ਮਾਸ ਕੱਡਕੇ ਕੁਤਿੱਆਂ ਅੱਗੇ ਪਾ ਦੇਵੇ, ਜਿੰਦਗੀ ਭਰ ਕੂਟੋ ਤੇ ਕੈਦ ਵਿੱਚ ਸੁੱਟ ਦੇਵੇ। ਇਨ੍ਹਾਂ ਵਿਚ ਕਿਸੇ ਵੀ ਤਰ੍ਹਾਂ ਦੀ ਮੌਤ ਮਾਰਕੇ ਜਿੰਦਗੀ ਰਹਿਤ ਕਰ ਦੇਵੇ ’’

ਇਨ੍ਹਾਂ ਦੁਸ਼ਟ ਪੁਰਸ਼ਾਂ ਦੀ ਅੰਦਰਲੀ ਪਰਿਸਧ ਹੁੰਦੀ ਹੈ ਜੋ ਇਸ ਪ੍ਰਕਾਰ ਹੈ।

ਮਾ, ਪਿਉ, ਭਾਈ ਭੈਣ, ਪਤਨੀ, ਪੁਤਰ, ਪੁੱਤਰੀ ਤੇ ਨੂੰਹ, ਇਨ੍ਹਾਂ ਤੋਂ ਥੋੜਾ ਜੇਹਾ ਕਸੂਰ ਹੋਣ ਤੇ ਵੀ ਉਹ ਪੁਰਸ਼ ਇਨ੍ਹਾਂ ਨੂੰ ਬੜਾ ਦੰਡ ਦਿੰਦੇ ਹਨ।

ਉਹ ਦੁਸ਼ਟ ਇਨ੍ਹਾਂ ਵਿਚੋਂ ਕਿਸੇ ਨੂੰ ਸਰਦੀ ਵਿੱਚ ਠੰਡੇ ਪਾਣੀ ਵਿੱਚ ਸੁੱਟਕੇ ਕਸ਼ਟ ਦਿੰਦਾ ਹੈ (ਜੋ ਦੰਡ ਮਿੱਤਰ ਪ੍ਰਤਿਯਕ ਵਿੱਚ ਆਖੇ ਗਏ ਹਨ ਉਹ ਇਥੇ ਸਾਰੇ ਸਮਝਣੇ ਚਾਹੀਦੇ ਹਨ। ਅਜੇਹੇ ਭੈੜੇ ਕਰਮ ਕਰਨ ਵਾਲੇ ਅੰਤ ਵਿੱਚ ਦੁਖ ਪਾਂਦੇ ਹਨ। ਅਜੇਹਾ ਪਾਪੀ ਅਪਣੇ ਹਥੋਂ ਅਪਣਾ ਪਰਲੋਕ ਵਿਗਾੜ ਲੈਂਦਾ ਹੈ। ਅਜੇਹੇ ਪਾਪ ਕਰਮ ਕਰਨ ਵਾਲਾ ਉਹ ਪੁਰਸ਼ ਦੁੱਖ, ਸੋਗ, ਪਸ਼ਚਾਤਾਪ ਪੀੜਾ, ਸੰਤਾਪ ਪ੍ਰਾਪਤ ਕਰਦਾ ਹੈ ਉਹ ਦੁੱਖ, ਸੋਗ, ਪਸ਼ਚਾਤਾਪ, ਸੰਤਾਪ ਤੇ ਬੱਧ (ਕਤਲ), ਬੰਧਨ ਆਦਿ ਕਲੇਸ਼ ਤੋਂ ਨਹੀਂ ਛੁਟਦਾ।

ਉਪਰੋਕਤ ਕਿਸਮ ਦੇ ਇਸਤਰੀ ਸੰਬੰਧੀ ਭੋਗ ਤੇ ਹੋਰ ਵਿਸ਼ੇ ਭੋਗਾਂ ਵਿਚ ਫਸਿਆ ਲਾਲਚੀ, ਮਸਗੂਲ, ਰੁਝਿਆਂ ਹੋਇਆ ਚਾਰ, ਪੰਜ, ਛੇ ਜਾਂ ਜ਼ਿਆਦਾ ਦੱਸ ਸਾਲ ਜਾਂ ਹੋਰ ਥੋੜੇ ਸਮੇਂ ਵਿਚ ਸ਼ਬਦ ਆਦਿ ਵਿਸ਼ੇ, ਵਿਕਾਰਾਂ ਕਾਰਣ ਪ੍ਰਾਣੀਆਂ ਨਾਲ ਵੈਰ ਕਮਾ ਕੇ ਬਹੁਤ ਪਾਪ ਇਕੱਠੇ ਕਰਕੇ, ਪਾਪ ਕਰਮ ਦੇ ਭਾਵ ਨਾਲ, ਇਸ ਤਰ੍ਹਾਂ ਦਬ ਜਾਂਦਾ ਹੈ ਜਿਵੇਂ ਲੋਹੇ ਦਾ ਗੋਲਾ, ਜਾਂ ਪੱਥਰ ਦਾ ਗੋਲਾ ਪਾਣੀ ਵਿਚ ਭਾਰ ਕਾਰਣ ਹੇਠ ਬੈਠ ਜਾਂਦਾ ਹੈ।

ਇਸ ਤਰ੍ਹਾਂ ਕਰਮ ਦੇ ਭਾਰ ਹੇਠ ਦੱਬਿਆ, ਦੁਸ਼ਟ ਪਾਪੀ, ਕਰਮਮੈਲ ਵਾਲਾ, ਵੈਰ ਕਮਾਉਣ ਵਾਲਾ, ਅਵਿਸ਼ਵਾਸੀ ਧੋਖੇਵਾਜ, ਠੱਗ, ਦੇਸ਼, ਭੇਸ਼, ਤੇ ਭਾਸ਼ਾ ਬਦਲ ਕੇ ਧੋਖਾ ਦੇਣ ਵਾਲਾ, ਉੱਤਮ ਚੀਜ਼ ਨੂੰ ਘਟੀਆ ਚੀਜ ਨਾਲ ਮਿਲਾਉਣ ਵਾਲਾ, ਘੱਟ ਜੋਖਣ ਵਾਲਾ ਗੜਬੜ ਕਰਕੇ ਠਗਣ ਵਾਲਾ, ਅਪਜੱਸ ਵਾਲੇ ਕੰਮ ਕਰਨ ਵਾਲਾ, ਹਿਲਨ ਜੁਲਣ ਵਾਲੇ ਜੀਵਾਂ ਦੀ ਹਿੰਸਾ ਕਰਨ ਵਾਲਾ, ਉਮਰ ਪੂਰੀ ਕਰਕੇ ਉਪਰ ਤੋਂ ਉਪਰ ਰਤਨ ਪ੍ਰਭਾ ਨਾਂ ਦੀ ਨਰਕ ਵਿਚ ਪੈਦਾ ਹੁੰਦਾ ਹੈ। (35)

### ਨਰਕ ਦਾ ਸਵਰੂਪ

ਇਸ ਨਰਕ ਅੰਦਰੋਂ ਗੋਲ ਤੇ ਬਾਹਰ ਤੋਂ ਚੌਰਸ ਹੈ ਇਹ ਹੇਠਾਂ ਉਸਤਰੇ ਦੀ ਧਾਰ ਦੀ ਤਰ੍ਹਾਂ ਤੀਖੀ ਹੈ। ਇਥੇ ਹਮੇਸ਼ਾ ਹਨੇਰਾ ਰਹਿੰਦਾ ਹੈ।

ਇਹ ਨਰਕ ਚੰਦਰਮਾ, ਸੂਰਜ, ਗ੍ਰਹਿ, ਨੱਛਤਰ, ਤੇ ਹੋਰ ਜੋਤਸ਼ ਮੰਡਲ ਗ੍ਰਹਿ ਦੇ

ਪ੍ਰਕਾਸ਼ ਤੋਂ ਰਹਿਤ ਹੈ।

ਇਹ ਭੂਮੀ ਮੇਦ, ਚਰਬੀ, ਮਾਸ, ਖੂਨ ਤੇ ਮਵਾਦ ਦੀ ਤੇਹਾਂ ਵਾਲੀ, ਚਿਕੜ ਨਾਲ ਭਰੀ ਹੈ।

ਇਹ ਅਪਵਿਤਰ, ਸੜੇ ਹੋਏ ਮਾਸ ਵਾਲੀ, ਦੁਰਗੰਧੀ ਵਾਲੀ ਤੇ ਕਾਲੀ ਹੈ। ਇਸ ਦੀ ਧੂਏਂ ਵਾਲੀ ਅੱਗ ਦੇ ਰੰਗ ਦੀ ਤਰ੍ਹਾਂ ਕਠੋਰ ਛੋਹ ਵਾਲੀ ਤੇ ਅਸਹਿਨਸ਼ੀਲ ਹੈ।

ਨਰਕ ਅਸ਼ੁਧ ਤੇ ਪੀੜਾ ਦਾ ਕਾਰਣ ਹੈ। ਉਸ ਨਰਕ ਵਿੱਚ ਰਹਿਨ ਵਾਲੇ ਜੀਵਾਂ ਨੂੰ ਕਦੇ ਵੀ ਸੁੱਖ ਦੀ ਨੀਂਦ ਨਸੀਬ ਨਹੀਂ ਹੁੰਦੀ। ਉਹ ਕਰਵਟ ਨਾਲ ਨਹੀਂ ਸੌ ਸਕਦੇ; ਉਥੇ ਨਾ ਧਰਮ ਸੁਨਣ ਨੂੰ ਹੈ, ਨਾ ਕਿਸੇ ਵਿਸ਼ੇ ਦਾ ਸੁੱਖ ਹੈ, ਉਥੇ ਧੀਰਜ ਤੇ ਬੁੱਧੀ ਨਹੀਂ ਉਹ ਨਾਰਕ ਜੀਵ ਕਠਿਨ, ਵਿਪੁਲ, ਗਾੜੀ, ਖੁਰਦਰੀ, ਤੇਜ, ਅਸਹਿ ਤੇ ਅਪਾਰ ਦੁਖ ਭੋਗਦੇ, ਸਮਾਂ ਗੁਜਾਰਦੇ ਹਨ। (36)

ਜਿਸ ਤਰ੍ਹਾਂ ਕੋਈ ਦਰਖੱਤ ਅਜੇਹਾ ਹੋਵੇ ਜੋ ਪਹਾੜ ਦੇ ਅੱਗੇ ਨੂੰ ਪੈਦਾ ਹੋਇਆ ਹੋਵੇ ਉਸ ਦੀ ਜੜ ਕਟ ਦਿਤੀ ਜਾਵੇ ਤਾਂ ਇਹ ਦਰਖਤ ਪਹਿਲਾਂ ਤੋਂ ਭਾਰੀ ਹੋ ਜਾਂਦਾ ਹੈ ਇਹ ਦਰਖਤ ਜਿਥੇ ਨੀਵਾਂ ਹੁੰਦਾ ਹੈ, ਉਹ ਥਾਂ ਖਤਰਨਾਕ ਅਤੇ ਦੁਰਗਮ ਹੁੰਦੀ ਹੈ, ਇਸੇ ਤਰ੍ਹਾਂ ਪਾਪ ਕਰਮਾਂ ਦਾ ਭਾਰੀ ਪਾਪੀ ਪੁਰਸ਼ ਇਕ ਗਰਭ ਤੋਂ ਦੂਸਰੇ ਗਰਭ ਵਿਚ ਇਕ ਜਨਮ ਤੋਂ ਦੂਸਰੇ ਜਨਮ ਵਿਚ, ਇਕ ਮਰਨ ਤੋਂ ਦੂਸਰੇ ਮਰਨ ਤੱਕ, ਇੱਕ ਨਰਕ ਤੋਂ ਦੂਸਰੇ ਨਰਕ ਵਿਚ, ਇਕ ਦੁਖ ਤੋਂ ਦੁਸਰੇ ਦੁਖ ਨੂੰ ਪ੍ਰਾਪਤ ਕਰਦਾ ਹੈ।

ਉਹ ਨਾਰਕੀ ਦਖਣ ਗਾਮੀ, ਕ੍ਰਿਸ਼ਨ ਪੱਖੀ (ਪਾਪੀ) ਤੇ ਭਵਿੱਖ ਵਿਚ ਵੀ ਗਿਆਨ ਰਹਿਤ ਹੁੰਦਾ ਹੈ।

ਇਸ ਪ੍ਰਕਾਰ ਦੇ ਇਹ ਅਧਰਮ ਸਥਾਨ ਅਨਾਰਿਆ ਹਨ। ਕੇਵਲ ਗਿਆਨ ਰਹਿਤ ਹਨ ਸਾਰੇ ਦੁੱਖਾਂ ਵਾਲ, ਮਿਥਿਆਤਵ ਵਾਲੇ ਤੇ ਬੁਰੇ ਹਨ। ਇਸ ਪ੍ਰਕਾਰ ਜੋ ਅਧਰਮ ਪੱਖ ਪਹਿਲਾਂ ਹੈ ਉਸਦਾ ਵਿਚਾਰ ਪੂਰਾ ਹੋਇਆ। (37)

**ਧਰਮ ਪੱਖ**

ਇਸ ਤੋਂ ਬਾਅਦ ਦੂਸਰਾ ਸਥਾਨ ਧਰਮ ਪੱਖ ਅਖਵਾਉਂਦਾ ਹੈ ਉਸਦਾ ਵਰਨਣ ਇਸ ਪ੍ਰਕਾਰ ਹੈ—

"ਇਹ ਮਨੁੱਖ ਲੋਕ ਵਿਚ ਪੂਰਵ ਆਦਿ ਦਿਸ਼ਾਵਾਂ ਵਿਚ ਕਈ ਪੁਰਸ਼ ਹੁੰਦੇ ਹਨ, ਜੋ ਆਰੰਬ (ਹਿੰਸਾ) ਨਹੀਂ ਕਰਦੇ, ਪਰਿਗ੍ਰਹਿ ਨਹੀਂ ਰਖਦੇ, ਖੁਦ ਧਰਮ ਦਾ ਆਚਰਣ ਕਰਦੇ ਹਨ, ਧਰਮ ਅਨੁਸਾਰ ਚਲਦੇ ਹਨ, ਦੂਸਰੇ ਨੂੰ ਧਰਮ ਵਾਰੇ ਦਸਦੇ ਹਨ। ਧਰਮ ਨੂੰ ਅਪਣਾ ਈਸ਼ਟ ਮੰਨਦੇ ਹਨ।

ਇਥੋਂ ਤੱਕ ਧਰਮ ਅਨੁਸਾਰ ਗੁਜ਼ਾਰਾ ਕਰਦੇ ਹਨ, ਸੁਸ਼ੀਲ, ਵਰਤਧਾਰੀ, ਪ੍ਰਸਨਚਿਤ ਸਾਧੂ ਪੁਰਸ਼ ਹਨ ਉਹ ਜਿੰਦਗੀ ਭਰ ਹਰ ਪ੍ਰਕਾਰ ਦੀ ਹਿੰਸਾ ਤੋਂ ਮੁਕਤ ਹੁੰਦੇ ਹਨ ਜੋ ਪ੍ਰਾਣਾਤਿਪਾਤ (ਹਿੰਸਾ) ਤੋਂ ਲੈਕੇ ਮਿਥਿਆ ਦਰਸ਼ਨ ਤੱਕ ਸਾਰੇ ਪਾਪ ਸਥਾਨਾਂ ਤੋਂ ਮੁਕਤ ਰਹਿੰਦੇ ਹਨ।

ਦੂਸਰੀ ਤਰ੍ਹਾਂ ਦੇ ਅਧਾਰਮਿਕ, ਸੰਤਾਪ ਦੇਣ ਵਾਲੇ, ਅਗਿਆਨੀ ਪਾਪੀ ਕਰਮ ਕਰਦੇ ਹੋਏ, ਜਿੰਦਗੀ ਭਰ ਦੁਸ਼ਕਰਮਾਂ ਵਿਚ ਲੱਗੇ ਰਹਿੰਦੇ ਹਨ।

ਧਾਰਮਿਕ ਪੁਰਸ਼ ਘਰਵਾਰ ਛੱਡ ਕੇ ਸਾਧੂ ਬਨਦੇ ਹਨ।

ਈਰੀਆ, ਭਾਸ਼ਾ, ਏਸ਼ਨਾ, ਅਦਾਨ ਭਾਂਡ ਮਾਤਰ ਨਿਰਸ਼ੇਪਨ, ਉਚਾਰੋਂ ਪ੍ਰਸਤਰਵਨ ਖੇਲੱਸਿਘਾਣ ਜਲੇ ਪਰਿਸ਼ਠਾਪਾਣਿਕਾ ਇਨ੍ਹਾਂ ਪੰਜ ਸਮਿਤਿਆਂ ਨਾਲ ਸੰਜਮ ਧਰਮ ਪਾਲਦੇ ਹਨ। ਮਨ ਸਮਿਤਿ, ਬਚਨ ਸਮਿਤਿ, ਕਾਇਆ ਸਮਿਤਿ ਤੇ ਮਨ ਗੁਪਤੀ, ਬਚਨ ਕਾਇਆ ਗੁਪਤੀ ਵਾਲੇ ਹੁੰਦੇ ਹਨ ਉਹ ਸਾਧੂ ਪਰਸ਼ ਆਤਮਾ ਨੂੰ ਪਾਪਾਂ ਤੋਂ ਗੁਪਤ (ਸੁਰਖਿਅਤ) ਰਖਦੇ ਹਨ। ਅਪਣੀ ਇੰਦਰੀ ਦੇ ਵਿਸ਼ੇ ਭੋਗਾਂ ਨੂੰ ਗੁਪਤ ਰਖਦੇ ਹਨ। ਬ੍ਰਹਮਚਰਜ਼ ਦਾ ਨੌ ਪ੍ਰਕਾਰ ਨਾਲ ਪਾਲਨ ਕਰਦੇ ਹਨ।

ਉਹ ਕਰੋਧ, ਮਾਨ, ਮਾਇਆ ਤੇ ਲੋਭ ਰਹਿਤ ਹੁੰਦੇ ਹਨ। ਉਹ ਅੰਦਰੋਂ ਬਾਹਰੋਂ ਸ਼ਾਂਤ ਹੁੰਦੇ ਹਨ। ਉਹ ਸਾਰੇ ਸੰਤਾਪਾਂ, ਆਸ਼ਤਵਾਂ (ਪਾਪ ਸਥਾਨਾਂ) ਦਾ ਸੇਵਨ ਨਹੀਂ ਕਰਦੇ ਉਹ ਅੰਦਰਲੇ ਤੇ ਬਾਹਰਲੇ ਪਰਿਗ੍ਰਹਿ ਤੋਂ ਮੁੱਕਤ ਹੁੰਦੇ ਹਨ।

ਉਹ ਮਹਾਤਮਾ ਸੰਸਾਰ ਰੂਪੀ ਸਮੁੰਦਰ ਨੂੰ ਛੇਦ ਕੇ, ਕਰਮ ਮੇਲ ਤੋਂ ਇਸ ਤਰ੍ਹਾਂ ਰਹਿਤ ਹੋ ਜਾਂਦੇ ਹਨ, ਜਿਸ ਤਰ੍ਹਾਂ ਕਾਂਸੀ ਦਾ ਭਾਂਡਾ ਪਾਣੀ ਨਾਲ ਨਹੀਂ ਚਿਮੜਦਾ।

ਜਿਵੇਂ ਸ਼ੰਖ ਕਾਲਖ ਰਹਿਤ ਹੁੰਦਾ ਹੈ। ਉਸੇ ਤਰ੍ਹਾਂ ਮਹਾਤਮਾ ਰਾਗ ਦਵੇਸ਼ ਦੀ ਕਾਲਖ ਤੋਂ ਰਹਿਤ ਹੁੰਦੇ ਹਨ।

ਜਿਵੇਂ ਸਚੇਤਨ ਜੀਵ ਦੀ ਗਤਿ ਨਹੀਂ ਰੁਕਦੀ, ਉਸੇ ਤਰ੍ਹਾਂ ਉਨ੍ਹਾਂ ਮਹਾਤਮਾਵਾਂ ਦੀ ਗਤਿ ਨਹੀਂ ਰੁਕ ਸਕਦੀ।

ਜਿਵੇਂ ਅਕਾਸ਼ ਬਿਨਾਂ ਸਹਾਰੇ ਰਹਿੰਦਾ ਹੈ ਉਸੇ ਤਰ੍ਹਾਂ ਮਹਾਤਮਾ ਕਿਸੇ—ਪਰ ਆਸਰੇ ਨਹੀਂ ਹੁੰਦੇ। ਭਾਵ ਉਹ ਜੀਵਨ ਗੁਜਾਰਨ ਲਈ ਵਿਉਪਾਰ ਦਾ ਸਹਾਰਾ ਨਹੀਂ ਲੈਂਦੇ।

ਜਿਵੇਂ ਹਵਾ ਨੂੰ ਕੋਈ ਰੋਕ ਨਹੀਂ ਸਕਦਾ, ਉਸੇ ਤਰ੍ਹਾਂ ਮਹਾਤਮਾ ਰੁਕਾਵਟ ਰਹਿਤ ਹੁੰਦੇ ਹਨ।

ਸਰਦੀ ਦੇ ਸਾਫ ਪਾਣੀ ਦੀ ਤਰ੍ਹਾਂ ਇਨ੍ਹਾਂ ਮਹਾਤਮਾਵਾਂ ਦਾ ਹਿਰਦਾ ਸ਼ੁਧ ਤੇ ਸਵੱਛ ਹੁੰਦਾ ਹੈ। ਕਮਲ ਦੇ ਪੱਤੇ ਦੀ ਤਰ੍ਹਾਂ ਇਹ ਮਹਾਤਮਾ ਨਿਰਲੇਪ ਹੁੰਦੇ ਹਨ।

ਉਹ ਕੱਛੂ ਦੀ ਤਰਾਂ ਅਪਣੀਆਂ ਇੰਦਰੀਆਂ ਨੂੰ ਸਿਕੋੜ ਕੇ ਰਖਦੇ ਹਨ। ਜਿਵੇਂ ਪੰਛੀ ਅਕਾਸ਼ ਵਿਚ ਘੁੰਮਦਾ ਹੈ ਉਸੇ ਤਰ੍ਹਾਂ ਮਹਾਤਮਾ ਅਜਾਦ ਫਿਰਦੇ ਹਨ। ਉਹ ਸਾਰੇ ਮਮਤਾ ਦੇ ਬੰਧਨਾਂ ਤੋਂ ਰਹਿਤ ਹੁੰਦੇ ਹਨ।

ਜਿਵੇਂ ਗੈਂਡੇ ਦਾ ਇਕ ਸਿੰਘ ਹੁੰਦਾ ਹੈ। ਉਸੇ ਤਰ੍ਹਾਂ ਮਹਾਤਮਾ ਰਾਗ ਦਵੇਸ਼ ਤੋਂ ਮੁੱਕਤ ਇਕੱਲੇ ਘੁੰਮਦੇ ਹਨ।

ਜਿਵੇਂ ਭਾਰੰਡ ਪੰਛੀ ਸਾਵਧਾਨ ਹੁੰਦਾ ਹੈ। ਉਸੇ ਤਰ੍ਹਾਂ ਮਹਾਤਮਾ ਆਤਮਾ ਪ੍ਰਤਿ ਸਾਵਧਾਨ ਹੁੰਦੇ ਹਨ।

ਜਿਵੇਂ ਹਾਥੀ ਦਰਖਤ ਉਖਾੜ ਸਕਦਾ ਹੈ ਉਸੇ ਤਰ੍ਹਾਂ ਮੁਨੀ ਕਸ਼ਾਏ ਰੂਪੀ ਦਰਖਤ ਪੁਟਨ ਵਿੱਚ ਸੂਰਵੀਰ ਹੁੰਦੇ ਹਨ।

ਜਿਵੇਂ ਬਲੱਦ ਭਾਰ ਵਿੱਚ ਸਮਰਥ ਹੁੰਦੇ ਹਨ ਉਸੇ ਤਰ੍ਹਾਂ ਮਹਾਤਮਾ ਸੰਜਮ ਵਿੱਚ ਸਮਰਥ ਹਨ।

ਜਿਵੇਂ ਸ਼ੇਰ ਦੂਸਰੇ ਪਸ਼ੂਆਂ ਤੋਂ ਦਬਦਾ ਨਹੀਂ ਉਸੇ ਤਰ੍ਹਾਂ ਮੁਨੀ ਪਰਿਸ਼ੇ ਅਤੇ ਕਸਟਾਂ ਤੋਂ ਨਹੀਂ ਘਬਰਾਉਂਦਾ।

ਜਿਵੇਂ ਮੰਦਰ, ਪਰਬਤ ਨਹੀਂ ਕੰਬਦਾ, ਉਸੇ ਤਰ੍ਹਾਂ ਮਹਾਤਮਾ ਨੂੰ ਕੋਈ ਖਤਰਾ, ਉਪ-ਸਰਗ ਤੇ ਡਰਾਂ ਤੋਂ ਨਹੀਂ ਡਰਦੇ। ਉਹ ਮੁਨੀ ਸਾਗਰ ਦੀ ਤਰ੍ਹਾਂ ਦੁੱਖ ਸੁਖ ਵਿੱਚ ਗੰਭੀਰ ਰਹਿੰਦੇ ਹਨ, ਉਨ੍ਹਾਂ ਦੀ ਪ੍ਰਕ੍ਰਿਤੀ (ਆਦਤ) ਚੰਦਰਮਾ ਦੀ ਤਰ੍ਹਾਂ ਸ਼ੀਤਲ (ਠੰਡੀ) ਹੁੰਦੀ ਹੈ।

ਉਹ ਸੂਰਜ ਦੀ ਤਰ੍ਹਾਂ ਤੇਜ ਵਾਲੇ ਹੁੰਦੇ ਹਨ।

ਜਿਵੇਂ ਸ਼ੁਧ ਸੋਨੇ ਵਿੱਚ ਮੈਲ ਨਹੀਂ ਹੁੰਦਾ। ਉਸੇ ਤਰ੍ਹਾਂ ਉਨ੍ਹਾਂ ਵੀਤਰਾਗੀ ਆਤਮਾਵਾਂ ਨੂੰ ਕਰਮ-ਮੈਲ ਨਹੀਂ ਹੁੰਦਾ।

ਉਹ ਜਮੀਨ ਦੀ ਤਰ੍ਹਾਂ ਸਾਰੇ ਕਸ਼ਟ ਸਹਿੰਦੇ ਹਨ। ਚੰਗੀ ਤਰ੍ਹਾਂ ਬਲਦੀ ਹੱਵਨ ਦੀ ਅੱਗ ਤਰ੍ਹਾਂ ਜੋਤੀਮਾਨ ਹੁੰਦੇ ਹਨ। ਉਨ੍ਹਾਂ ਮਹਾਤਮਾਵਾਂ ਨੂੰ ਕਿਤੇ ਵੀ ਰੁਕਾਵਟ ਨਹੀਂ।

ਇਹ ਪ੍ਰਤਿਬੰਧ ਜਾਂ ਰੁਕਾਵਟ ਚਾਰ ਪ੍ਰਕਾਰ ਨਾਲ ਹੁੰਦੀ ਹੈ—(1) ਜਿਵੇਂ ਅੰਡੇ ਤੋਂ ਪੈਦਾ ਹੋਣ ਵਾਲ ਹੰਸ ਤੇ ਮੋਰ, (2) ਹਾਥੀ ਦੇ ਬੱਚੇ, (3) ਨਿਵਾਸ ਸਥਾਨ ਦੀ ਸੋਣ ਦੇ ਆਸਨ ਦੀ ਰੁਕਾਵਟ। (4) ਘੁਮਨ ਫਿਰਨ (ਬਿਹਾਰ) ਦੀ ਰੁਕਾਵਟ।

ਉਹ ਮੁਨੀ ਜਿਸ ਦਿਸ਼ਾ ਵੱਲ ਜਾਣਾ ਚਾਹੁੰਦੇ ਹਨ। ਉਸੇ ਦਿਸ਼ਾ ਵੱਲ ਬਿਨ੍ਹਾਂ ਰੁਕਾ-ਵਟ ਘੁੰਮਦੇ ਹਨ।

ਉਹ ਪਵਿਤਰ ਹਿਰਦਾ ਮੁਨੀ, ਪਰਿਗ੍ਰਹਿ ਮੁਕਤ ਹੋਣ ਕਾਰਣ ਹਲਕੇ-ਫੁਲਕੇ ਬੰਧਨ

ਰਹਿਤ, ਸੰਜਮੀ ਅਤੇ ਤਪਸਿਆ ਰਾਹੀਂ ਅਪਣੀ ਆਤਮਾ ਨੂੰ ਸੰਜਮ ਵਿੱਚ ਲਗਾਉਂਦੇ ਹਨ।

ਉਨ੍ਹਾਂ ਭਾਗਸਾਲੀ ਮਹਾਤਮਾਵਾਂ ਦੀ ਸੰਜਮ ਰੂਪੀ ਯਾਤਰਾ ਦੇ ਨਿਰਵਾਹ ਲਈ ਕੁੱਝ ਅਜੀਵਕਾ (ਭੋਜਨ) ਲੈਣਾ ਪੈਂਦਾ ਹੈ।

ਇਹ ਮਹਾਤਮਾ ਆਤਮਾ ਸੁੱਧੀ ਲਈ ਇੱਕ, ਦੋ, ਤਿੰਨ, ਚਾਰ, ਪੰਜ, ਛੇ, ਪੰਦਰਾ ਤੀਹ ਦਿਨ, ਦੋ ਮਹੀਨੇ, ਤਿੰਨ ਮਹੀਨੇ, ਚਾਰ ਮਹੀਨੇ, ਪੰਜ ਮਹੀਨੇ ਤੇ ਛੇ ਮਹੀਨੇ ਤੱਕ ਵਰਤ ਆਦਿ ਤਪਸਿਆ ਕਰਦੇ ਹਨ।

## ਅਭਿਗ੍ਰਹਿ (ਤੱਪ ਸੰਬੰਧੀ ਗੁਪਤ ਪ੍ਰਤਿਗਿਆ)

ਕੋਈ ਗੁਪਤ ਪ੍ਰਤਿਗਿਆ (ਅਭਿਗ੍ਰਹਿ) ਧਾਰਨ ਕਰਦੇ ਹਨ ਅਤੇ ਉਹ ਹਾਂਡੀ ਵਿੱਚੋਂ ਬਾਹਰ ਨਿਕਲੀਆਂ ਭੋਜਨ ਗ੍ਰਹਿਣ ਕਰਦੇ ਹਨ।

ਕੋਈ ਮਹਾਤਮਾ ਨੂੰ ਪਰੋਸਣ ਤੋਂ ਬਾਅਦ ਬਚਿਆ ਭੋਜਨ ਲੈਂਦੇ ਹਨ, ਕੋਈ ਹਾਂਡੀ ਵਿਚੋਂ ਬਾਹਰ ਕੱਢੇ ਹੋਏ ਅਤੇ ਫੇਰ ਹਾਂਡੀ ਵਿਚ ਰਖੇ ਭੋਜਨ ਨੂੰ ਗ੍ਰਹਿਣ ਕਰਦੇ ਹਨ।

ਕੋਈ ਖਾਣ ਤੋਂ ਬਾਅਦ ਬਚਿਆ ਅੰਨ ਗ੍ਰਹਿਣ ਕਰਦੇ ਹਨ।

ਕਈ ਦੋਵੇਂ ਤਰ੍ਹਾਂ ਦਾ ਭੋਜਨ ਕਰਦੇ ਹਨ। ਕੋਈ ਬੱਚਿਆ ਖੁਚਿਆ ਅੰਨ ਪਾਣੀ ਲੈਣ ਦੀ ਪ੍ਰਤਿਗਿਆ ਕਹਦੇ ਹਨ। ਕੋਈ ਰੁੱਖਾ ਭੋਜਨ ਲੈਂਦੇ ਹਨ, ਕਈ ਛੋਟੇ-ਬੜੇ ਘਰਾਂ ਤੇ ਭਿਖਿਆ ਲੈਂ ਦੇ ਹਨ। ਕਈ ਭਰੇ ਹੋਏ ਹਥਾਂ ਵਾਲਾ ਭੋਜਨ ਲੈਂਦੇ ਹਨ। ਜਿਸ ਅੰਨ ਜਾਂ ਸਾਗ ਨਾਲ, ਕੜਛੀ ਭਰੀ ਹੋਏ, ਉਸ ਹੱਥ ਨਾਲ ਹੀ ਕਈ ਇਸ ਤਰ੍ਹਾਂ ਦਾ ਭੋਜਨ ਗ੍ਰਹਿਨ ਦੀ ਪ੍ਰਤਿਗਿਆ ਕਰਕੇ ਭੋਜਨ ਲੈਂਦੇ ਹਨ। ਕਈ ਨਾ ਵੇਖੇ ਭੋਜਨ ਨੂੰ ਹੀ ਲੈਂਦੇ ਹਨ ਕਈ ਨਾ ਵੇਖੇ ਭੋਜਨ ਤੇ ਨਾ ਵੇਖੇ ਪਾਣੀ ਤੋਂ ਭੋਜਨ ਗ੍ਰਹਿਣ ਦੀ ਪ੍ਰਤਿਗਿਆ ਕਰਦੇ ਹਨ।

ਕਈ ਪੁਛਕੇ ਭੋਜਨ ਲੈਣ ਦੀ ਪ੍ਰਤਿਗਿਆ ਕਰਦੇ ਹਨ, ਕਈ ਬਿਨਾ ਪੁੱਛੇ ਭੋਜਨ ਗ੍ਰਹਿਣ ਕਰਦੇ ਹਨ।

ਕਈ ਬਿਨਾ ਤੁੱਛ ਭੋਜਨ ਹੀ ਗ੍ਰਹਿਣ ਕਰਦੇ ਹਨ, ਕਈ ਤੁੱਛ ਭੋਜਨ ਲੈਂਦੇ ਹਨ। ਕਈ ਚੰਗਾ ਭੋਜਨ ਲੈਂਦੇ ਹਨ।

ਕਈ ਅਨਜਾਨ ਘਰਾਂ ਦਾ ਭੋਜਨ ਗ੍ਰਹਿਣ ਕਰਦੇ ਹਨ. ਕਈ ਦੇਣ ਵਾਲੇ ਦੇ ਕੋਲ ਪਿਆ ਭੋਜਨ ਹੀ ਲੈਂਦੇ ਹਨ।

ਕਈ ਦੱਤੀ (ਇੱਕ ਵਾਰ ਬਿਨਾ ਰੁਕਾਵਟ ਤੋਂ ਜੋ ਭੋਜਨ ਮਿਲ ਜਾਵੇ ਜਾਂ ਪਾਣੀ ਉਦੋਂ ਤਕ ਚਲਦਾ ਹੈ ਜਦ ਇਸ ਵਿਚ ਰੁਕਾਵਟ ਨਾ ਹੋਵੇ।) ਅਨੁਸਾਰ ਭੋਜਨ ਲੈਂਦੇ ਹਨ, ਕਈ ਸੀਮਤ ਅਹਾਰ ਲੈਂਦੇ ਹਨ। ਕਈ ਦੋਸ਼ ਰਹਿਤ ਭੋਜਨ ਲੈਂਦੇ ਹਨ। ਕਈ ਰਸ ਰਹਿਤ ਭੋਜਨ ਲੈਂਦੇ ਹਨ। ਕਈ ਭੁਨੇ ਛੋਲੇ ਲੈਂਦੇ ਹਨ। ਕਈ ਬਚਿਆ ਭੋਜਨ ਲੈਂਦੇ ਹਨ, ਕਈ

ਰਸਵਾਨ ਭੋਜਨ ਲੈਂਦੇ ਹਨ, ਕਈ ਰੁੱਖਾਂ ਤੇ ਤੁੱਛ ਭੋਜਨ ਲੈਂਦੇ ਹਨ।

ਕਈ ਅਹਾਰ (ਭੋਜਨ) ਨਾਲ ਅਪਣਾ ਗੁਜਾਰਾ ਕਰਦੇ ਹਨ, ਕਈ ਹਰ ਰੋਜ ਆਯੰਬਿਲ ਵਰਤ (ਰਸ ਭੋਜਨ ਤੇ ਚਿਕਨਾਈ ਦਾ ਤਿਆਗ) ਕਰਦੇ ਹਨ, ਕਈ ਦੁਪੈਹਰ ਨੂੰ ਭੋਜਨ ਕਰਦੇ ਹਨ। ਕਈ (ਵਿਗੈ) ਚਿਕਨਾਈ ਰਹਿਤ ਭੋਜਨ ਲੈਂਦੇ ਹਨ। (ਘੀ, ਤੇਲ, ਮਿੱਠਾ, ਦੁੱਧ, ਦਹੀ ਆਦਿ ਵਿਗੈ ਵਿਚ ਸ਼ਾਮਲ ਹਨ)

ਇਹ ਸਾਰੇ ਮਹਾਤਮਾ ਮਾਸ ਤੇ ਸ਼ਰਾਬ ਦਾ ਸੇਵਨ ਕਦੇ ਵੀ, ਕਿਸ ਹਾਲਤ ਵਿੱਚ ਨਹੀਂ ਕਰਦੇ। ਉਹ ਜਿਆਦਾ ਰਸ ਵਾਲਾ ਭੋਜਨ ਨਹੀਂ ਲੈਂਦੇ।

ਉਹ ਹਮੇਸ਼ਾ ਕਾਯੋਤਸਰਗ (ਸ਼ਰੀਰ ਦੀ ਮਮਤਾ ਛੱਡਨ ਦਾ ਧਿਆਨ) ਕਰਦੇ ਹਨ। ਪ੍ਰਤਿਮਾਵਾਂ (ਵਰਤਾਂ ਦੀ ਪ੍ਰਤਿਗਿਆਵਾਂ) ਪਾਲਨ ਕਰਦੇ ਹਨ। ਉਕੱੜ ਆਸਨ, ਵੀਰ ਆਸਨ ਵਿੱਚ ਬੈਠਦੇ ਹਨ। ਉਹ ਡੰਡੇ ਦੀ ਤਰ੍ਹਾਂ ਲੰਬੇ ਹੋ ਕੇ ਸੌਂਦੇ ਹਨ। ਲੱਕੜ ਦੀ ਤਰ੍ਹਾਂ ਟੇਡੇ ਸੌਂਦੇ ਹਨ।

ਉਹ ਵੱਸਤਰ ਰਹਿਤ (ਨਗਨ) ਹੋਕੇ, ਧਿਆਨ ਕਰਦੇ ਹਨ, ਸ਼ਰੀਰ ਤੇ ਖਾਜ਼ ਨਹੀਂ ਕਰਦੇ। ਜਮੀਨ ਤੇ ਥੂਕ ਨਹੀਂ ਸੁਟਦੇ, ਇਥੋਂ ਤਕ ਔਪਾਪਤਿਕ ਸੂਤਰ ਦੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ।

ਉਹ ਸਿਰ ਦੇ ਬਾਲ, ਦਾੜੀ, ਮੁੱਛ, ਨੌਂਹ, ਰੋਮ ਦੀ ਸਜਾਵਟ ਨਹੀਂ ਕਰਦੇ। ਉਹ ਸ਼ਰੀਰ ਦੇ ਪਰਿਕ੍ਰਮ (ਇਸ਼ਨਾਨ, ਧੋਨ, ਤੇਲ ਮਾਲਿਸ਼, ਸਾਬੁਨ) ਨਹੀਂ ਲਗਾਉਂਦੇ।

ਉਹ ਮਹਾਤਮਾ ਉਗਰ ਬਿਹਾਰ ਕਰਦੇ ਹੋਏ ਬਹੁਤ ਸਾਲ ਤੱਕ ਸਾਧੂ ਜੀਵਨ ਪਾਲਨ ਕਰਦੇ ਹਨ।

ਅਨੇਕ ਰੋਗ ਦੀ ਅੜੱਚਨ ਤੇ ਵੀ, ਜਾਂ ਨਾ ਆਉਣ ਤੇ ਵੀ ਅੰਤ ਸਮੇਂ ਸੰਥਾਰਾ (ਸਮਾਧਿ ਮਰਨ) ਗ੍ਰਹਿਣ ਕਰਦੇ ਹਨ।

ਫੇਰ ਇਹ ਸਮਾਧੀ ਮਰਨ ਨੂੰ ਅਨੇਕਾਂ ਦਿਨ ਵਿੱਚ ਪੂਰਾ ਕਰਦੇ ਹਨ, ਸਮਾਧੀ ਮਰਨ ਵਿਚ ਮੁਨੀ ਦਾ ਉੱਚ ਜੀਵਨ ਉਦੇਸ਼ ਪੂਰਾ ਹੋ ਜਾਂਦਾ ਹੈ, ਜਿਸ ਕਾਰਣ ਉਕਤ ਮਹਾਤਮਾ ਦਾ ਨਗਨ ਭਾਵ ਮੁੰਡਨਭਾਵ, (ਸਿਰ ਮੁਨਾਉਨਾ) ਇਸ਼ਨਾਨ ਨਾ ਕਰਨਾ, ਦੰਦ ਸਾਫ ਕਰਨਾ, ਛਤਰੀ ਨਾ ਵਰਤਨ, ਜੁੱਤੇ ਨਾ ਪਹਿਨਨਾ, ਜਮੀਨ ਤੇ ਸੌਨਾ, ਫੱਟੇ ਤੇ ਸੌਨਾ, ਕੇਸ਼ ਲੋਚ, ਬ੍ਰਹਮਚਰਜ, ਭਿਖਿਆ, (ਭੋਜਨ) ਆਦਿ ਕੰਮ ਕੀਤੇ ਜਾਂਦੇ ਸਨ। ਕਦੇ ਭੋਜਨ ਮਿਲਦਾ ਹੈ ਕਦੇ ਨਹੀਂ ਮਿਲਦਾ ਇਸ ਕਾਰਨ ਮਾਨ, ਅਪਮਾਨ, ਬੇਇਜਤੀ, ਨਿੰਦਾ, ਫਿਟਕਾਰ, ਝਿੜ੍ਹਕਾਂ, ਮਾਰਕੁਟ ਧਮਕੀ, ਉੱਚੀ ਨੀਵੀਂ ਗੱਲ, ਕੰਨਾਂ ਨੂੰ ਚੰਗ ਨਾਂ ਲਗਨ ਵਾਲੇ ਵਿਸ਼ੇ, 22 ਪ੍ਰਕਾਰ ਦੇ ਪਰਿਸ਼ੈ ਤੇ ਉਪਸਰਗ (ਕਸ਼ਟ) ਸਾਧੂ ਨੂੰ ਆਉਂਦੇ ਹਨ।

ਇਸ ਪ੍ਰਕਾਰ ਮਹਾਤਮਾ ਉਦੇਸ਼ ਸਿੱਧ ਕਰਕੇ ਆਖਰੀ ਸਾਹ, ਸਵਾਸੋਸਵਾਸ (ਛੋਟੇ ਬੜੇ ਸਾਹ) ਅੰਤ ਰਹਿਤ ਬਨਦੇ ਹਨ ਫੇਰ ਰੁਕਾਵਟ ਰਹਿਤ, ਪ੍ਰਤਿਪੂਰਨ ਕੇਵਲ ਗਿਆਨ ਕੇਵਲ ਦਰਸ਼ਨ ਨੂੰ ਪ੍ਰਾਪਤ ਹੁੰਦੇ ਹਨ।

ਕੇਵਲ ਗਿਆਨ-ਕੇਵਲ ਦਰਸ਼ਨ ਪ੍ਰਾਪਤ ਹੋਣ ਤੇ ਉਹ ਸਾਧੂ ਪੁਰਸ਼ ਸਿੱਧੀ (ਮੋਕਸ਼) ਨੂੰ ਪ੍ਰਾਪਤ ਕਰਦੇ ਹਨ। ਕਰਮ ਬੰਧਨ ਤੋਂ ਮੁਕਤ, ਸ਼ਾਂਤ ਹੋਕੇ ਦੁੱਖਾਂ ਦਾ ਨਾਸ਼ ਕਰਦੇ ਹਨ।

ਕੁੱਝ ਮਹਾਤਮਾ ਇਕ ਹੀ ਜਨਮ ਵਿਚ ਮੁਕਤੀ ਪਾ ਲੈਂਦੇ ਹਨ, ਕੁੱਝ ਮਰਕੇ ਦੇਵਤਾ ਬਨਦੇ ਹਨ, ਉਹ ਦੇਵਲੋਕ ਵਿੱਚ ਰਿਧੀ, ਸਿਧੀ, ਕਾਂਤੀ ਪਰਾਕਰਮ, ਯਸ਼, ਸ਼ਕਤੀ, ਪ੍ਰਭਾਵ, ਸੁੱਖ ਦੇ ਧਨੀ ਬਨਕੇ ਜਨਮ ਲੈਂਦੇ ਹਨ। ਇਹ ਦੇਵ ਮਹਾਨ ਰਿਧੀ ਸ਼ਾਲੀ ਕਾਂਤੀ ਮਾਨ ਸੁੱਖਾਂ ਤੋਂ ਸੰਪਨ ਹੁੰਦੇ ਹਨ। ਉਨ੍ਹਾਂ ਦੀ ਛਾਤੀ ਹਾਰਾਂ ਨਾਲ ਸੁਸ਼ੋਭਿਤ ਰਹਿੰਦੀ ਹੈ, ਉਨ੍ਹਾਂ ਦੀਆਂ ਬਾਂਹਾਂ ਕੜੇ, ਬਾਜੂ, ਬੰਦ ਗਹਿਨੇਆਂ ਨਾਲ ਭਰਪੂਰ ਹੁੰਦੀਆਂ ਹਨ। ਉਨ੍ਹਾਂ ਦਾ ਚੇਹਰਾ ਅੰਗਦ, ਕੁੰਡਲ ਨਾਲ ਸੋਭਾਏਮਾਨ ਹੁੰਦੇ ਹਨ। ਉਹ ਕੰਨਾਂ ਵਿਚ ਕਰਨ ਫੁਲ ਧਾਰਨ ਕਰਦੇ ਹਨ। ਹੱਥ ਵਿੱਚ ਭਿੰਨ-ਭਿੰਨ ਪ੍ਰਕਾਰ ਦੇ ਗਹਿਨੇ ਧਾਰਨ ਕਰਦੇ ਹਨ। ਉਨ੍ਹਾਂ ਦੇ ਸਿਰਾਂ ਤੇ ਬਚਿੱਤਰ ਪ੍ਰਕਾਰ ਦੇ ਮਾਲਾਂ ਤੇ ਮੁਕਟ ਹੁੰਦੇ ਹਨ।

ਉਹ ਦੇਵਤੇ ਕਲਿਆਨਕਾਰੀ, ਸੁਗੰਧਿਤ ਸੁੰਦਰ ਕਪੜੇ, ਪਹਿਨਦੇ ਹਨ, ਕਲਿਆਨ-ਕਾਰੀ ਉੱਤਮ ਮਾਲਾ, ਅਤੇ ਅੰਗਾਂ ਦਾ ਲੇਪ ਧਾਰਨ ਕਰਦੇ ਹਨ, ਉਨ੍ਹਾਂ ਦਾ ਸਰੀਰ ਪ੍ਰਕਾਰ ਦੀ ਤਰ੍ਹਾਂ ਚਮਕਦਾ ਹੈ, ਉਹ ਲੰਬੀਆਂ ਬਨ ਮਾਲਾਵਾਂ ਧਾਰਨ ਕਰਦੇ ਹਨ, ਅਪਣੇ ਦਿਵਯ ਰੂਪ, ਵਰਨ, ਗੰਧ, ਸਪਰਸ਼, ਦਿਵ ਸ਼ਰੀਰ, ਰਿਧੀ ਕਾਂਤੀ, ਪ੍ਰਭਾ, ਜਾਂ ਅਰਚਾ, (ਆਦਤ) ਤੇਜ, ਤੇ ਲੇਸ਼ਿਆ ਨਾਲ ਦਸ਼ਾਂ ਦਿਸ਼ਾਵਾਂ ਵਿੱਚ ਚਮਕ ਤੇ ਕਲਿਆਨਕਾਰੀ ਗਤੀ, ਸਥਿਤੀ, ਭਵਿਖ ਵਿੱਚ ਭਦਰਕ ਹੋਣ ਵਾਲੇ ਦੇਵ ਹੁੰਦੇ ਹਨ।

ਇਹ ਸਥਾਨ ਆਰਿਆ ਹੈ ਸਾਰੇ ਦੁੱਖਾਂ ਨੂੰ ਖਤਮ ਕਰਨ ਦਾ ਰਾਹ ਹੈ ਸਮਿਅਕ ਤੇ ਉੱਤਮ ਹੈ ਇਸ ਪ੍ਰਕਾਰ ਦੂਸਰੇ ਧਰਮ ਪਖ ਦਾ ਵਿਚਾਰ ਪੂਰਾ ਹੋਇਆ। (38)

**ਮਿਸ਼ਰ ਸਥਾਨ—**

ਤੀਸਰਾ ਮਿਸ਼ਰ ਸਥਾਨ ਇਸ ਪ੍ਰਕਾਰ ਹੈ।

ਤੀਸਰੇ ਮਿਸਰ ਸਥਾਨ ਤੇ ਵਿਚਾਰ ਕੀਤਾ ਜਾਂਦਾ ਹੈ, ਇਸ ਸੰਸਾਰ ਵਿੱਚ ਪੂਰਵ ਆਦਿ ਦਿਸ਼ਾਵਾਂ ਤੋਂ ਕੋਈ-ਕੋਈ ਮਨੁੱਖ ਅਜੇਹੇ ਹੁੰਦੇ ਹਨ, ਜੋ ਘਟ ਇੱਛਾ ਵਾਲੇ, ਘੱਟ ਆਰੰਭ ਵਾਲੇ, ਘੱਟ ਪਰਿਗ੍ਰਹਿ ਵਾਲੇ ਹੁੰਦੇ ਹਨ। ਉਹ ਧਾਰਮਿਕ ਧਰਮ ਅਨੁਯਾਈ ਧਰਮ ਰਾਹੀਂ, ਅਪਣਾ ਗੁਜਾਰਾ ਕਰਨ ਵਾਲੇ ਹਨ। ਅਜੇਹੇ ਸੁਸ਼ੀਲ, ਸੁਵਰਤੀ ਤੇ ਸੁੱਖ ਤੋਂ ਭਰਪੂਰ ਸਾਧਨਾ ਯੋਗ ਸੱਜਨ ਹੁੰਦੇ ਹਨ। ਉਹ ਸਥੂਲ (ਮੋਟੀ) ਪ੍ਰਾਣਾਤਿਪਾਤ (ਹਿੰਸਾ) ਤਿਆਗ ਤੋਂ

ਜਿੰਦਗੀ ਭਰ ਲਈ ਹਨ। ਇਸੇ ਤਰ੍ਹਾਂ ਦੂਸਰੇ ਸੂਖਮ ਪ੍ਰਾਣਾਤਿਪਾਤ ਤੋਂ ਛੂਟ ਨਹੀਂ ਸਕਦੇ।

ਹੋਰ ਕਈ ਪਾਪਕਾਰੀ ਤੇ ਅਗਿਆਨਤਾ ਦੇ ਕਾਰਣ ਹੋਰ ਪ੍ਰਾਣੀਆਂ ਨੂੰ ਕਸ਼ਟ ਦੇਨ ਵਾਲੇ ਕਰਮ ਵਿਉਪਾਰ ਕਰਦੇ ਹਨ, ਉਨ੍ਹਾਂ ਵਿਚ ਕਈ ਕਰਮਾਂ ਵਿਚ ਲਗੇ ਰਹਿੰਦੇ ਹਨ। ਜਿਵੇਂ ਉਨ੍ਹਾਂ ਦੇ ਨਾਂ ਤੋਂ ਪਤਾ ਲਗਦਾ ਹੈ ਕਿ ਅਜੇਹੇ ਮਨੁੱਖ ਸ਼੍ਰਮਣੋ ਉਪਾਸਕ (ਸ਼੍ਰਾਵਕ) ਹੁੰਦੇ ਹਨ, ਜੋ ਇਸ ਮਿਸ਼ਰ ਸਥਾਨ ਦੇ ਹਕਦਾਰ ਹਨ, ਉਹ ਜੀਵ, ਅਜੀਵ, ਪਾਪ, ਪੁੰਨ, ਆਸ਼ਰਵ ਸੰਵਰ, ਵੇਦਨਾ, ਨਿਰਜਰਾ, ਕ੍ਰਿਆ, ਅਧਿਕਰਨ ਬੰਧ ਤੇ ਮੋਕਸ਼ ਦਾ ਸਵਰੂਪ ਜਾਨਣ ਵਿੱਚ ਮਾਹਿਰ ਹੁੰਦੇ ਹਨ, ਉਹ ਮਜਬੂਰੀ ਵਿਚ ਵੀ ਕਿਸੇ ਦੀ ਮਦੱਦ ਦੀ ਇੱਛਾ ਨਹੀਂ ਕਰਦੇ, ਫੇਰ ਵੀ ਦੇਵ, ਅਸੁਰ, ਨਾਗ, ਸੁਪਰਨ, ਯਕਸ਼, ਕਿੰਨਰ, ਕਿੰਪੁਰਸ਼, ਗਰੁੜ, ਗੰਧਰਵ, ਮਹੋਰਗ ਆਦਿ ਦੇਵਤੇ ਦੀ ਮਦਦ ਨਹੀਂ ਲੈਂਦੇ। ਕੋਈ ਵੀ ਉਨ੍ਹਾ ਨੂੰ ਦਵਾਓ ਦੇਨ ਤੇ ਉਹ ਨਿਰਗ੍ਰੰਥ (ਜੈਨ) ਪ੍ਰਵਚਨ (ਉਪਦੇਸ਼) ਤੋਂ ਹਟਾ ਨਹੀਂ ਸਕਦੇ, ਉਹ ਉਪਾਸਕ ਨਿਰਗ੍ਰੰਥ ਪ੍ਰਤਿ ਸ਼ੰਕਾ, ਕਾਕਸ਼ਾਂ ਤੇ ਵਿਚਿਕਤਸਾ ਤੋਂ ਰਹਿਤ ਹੁੰਦੇ ਹਨ, ਉਹ ਹੋਰ ਧਰਮ ਨੂੰ ਗ੍ਰਹਿਣ ਨਹੀਂ ਕਰਦੇ ਨਾ ਹੀ ਧਰਮ ਦੇ ਫਲ ਪ੍ਰਤਿ ਸ਼ਕ ਰਖਦੇ ਹਨ, ਉਹ ਸ਼ਾਸਤਰਾਂ ਦੇ ਅਰਥ ਦੇ ਜਾਨਨ ਤੇ ਗ੍ਰਹਿਣ ਕਰਨ ਵਾਲੇ ਹੁੰਦੇ ਹਨ, ਕੋਈ ਗੱਲ ਸਮਝ ਨਾ ਆਉਣ ਤੇ ਗੁਰੂ ਤੋਂ ਪੁਛਕੇ ਫੈਸਲਾ ਕਰਦੇ ਹਨ। ਚੰਗੀ ਤਰ੍ਹਾਂ ਧਰਮ ਤੱਤਵ ਨੂੰ ਸਮਝਦੇ ਹਨ, ਉਨ੍ਹਾਂ ਦੀ ਹੱਡੀ ਤੇ ਮਾਸ ਜਿਨ (ਜੈਨ) ਪ੍ਰਵਚਨ (ਉਪਦੇਸ਼) ਵਿੱਚ ਚੰਗੀ ਹੁੰਦੀ ਹੈ, ਸੱਚਾ ਉਹ ਸ਼੍ਰਾਵਕ ਉਪਾਸਕ ਆਖਦੇ ਹਨ।

"ਹੇ ਆਯੁਸ਼ਮਾਨ! ਇਹ ਨਿਰਗ੍ਰੰਥ ਪ੍ਰਵਚਨ ਹੀ ਸੱਚਾ ਅਰਥ ਵਾਲਾ, ਆਤਮ ਕਲਿਆਣ ਵਾਲਾ ਹੈ। ਹੋਰ ਸਭ ਪ੍ਰਵਚਨ ਅਨਰਥ (ਬੇ ਅਰਥ) ਹਨ। ਉਹ ਉਦਾਰ ਤੇ ਨਿਰਮਲ ਚਿਤ ਵਾਲੇ ਹੁੰਦੇ ਹਨ, ਉਨ੍ਹਾਂ ਦੇ ਘਰ ਦੇ ਦਰਵਾਜੇ ਹਮੇਸ਼ਾ ਖਲੇ ਰਹਿੰਦੇ ਹਨ, ਉਹ ਰਾਜਾ ਦੇ ਮਹਿਲ ਦੀ ਤਰ੍ਹਾਂ, ਹਰ ਇਕ ਦੇ ਘਰ ਜਾਣਾ ਚੰਗਾ ਨਹੀਂ ਲਗਦਾ।

ਅਜੇਹੇ ਸ਼੍ਰਾਵਕ, ਚਤੁਰਦਸ਼ੀ, ਅਸ਼ਟਮੀ, ਅਮਾਵਸ ਤੇ ਪੂਰਨਮਾਸ਼ੀ ਨੂੰ ਪੋਸ਼ਧ ਆਦਿ ਵਰਤ ਨਾਲ, ਉਪਾਸਕ ਧਰਮ ਦੀ ਅਰਾਧਨਾ ਕਰਦੇ ਹਨ। ਨਿਰਗ੍ਰੰਥ ਸ਼੍ਰਮਣ ਨੂੰ ਅਸ਼ਨ, ਪਾਨ, ਖਾਦ, ਸਵਾਦ, ਵਸਤਰ, ਪਾਤਰ, ਕੰਬਲ, ਪੈਰ ਪੂੰਝਨ, ਦਵਾਈ, ਭੇਸ਼ਜ, ਫੱਟਾ, ਚੌਕੀ, ਤਖਤਪੋਸ਼ ਤੇ ਸੁੱਕਾ ਘਾਹ ਦਾ ਦਾਨ ਕਰਦੇ ਹਨ, ਯੋਗਤਾ ਅਨੁਸਾਰ ਇਹ ਉਪਾਸਕ ਸ਼ੀਲਵਰਤ, ਗੁਣਵਰਤ, ਪ੍ਰਤਿਖਿਆਨ (ਤਿਆਗ) ਪੋਸ਼ਧ ਤੇ ਵਰਤ ਕਰਦੇ ਹੋਏ, ਆਤਮਾ ਨੂੰ ਪਵਿਤਰ ਕਰਦੇ ਹਨ। ਇਹ ਸ਼੍ਰਾਵਕ ਇਸ ਪ੍ਰਕਾਰ ਆਚਰਨ ਕਰਦੇ ਹੋਏ ਬਹੁਤ ਸਮਾਂ ਸ਼੍ਰਮਣੋਪਾਸਕ ਦੇ ਵਰਤਾਂ ਦਾ ਪਾਲਨ ਕਰਦੇ ਹਨ। ਸ਼੍ਰਾਵਕ ਪਰਿਆਏ (ਧਰਮ ਪਾਲਨ ਕਰਦੇ ਹੋਏ ਰੋਗ ਆਦਿ ਦੀ ਰੁਕਾਵਟ ਜਾਂ ਨਾ ਰੁਕਾਵਟ ਹੋਣ ਤੇ ਅੰਨ ਪਾਣੀ ਦਾ ਤਿਆਗ ਕਰਕੇ ਸਮਾਧੀ ਮਰਨ ਵਰਤ ਧਾਰਨ ਕਰਦੇ ਹਨ ਵਰਤ ਤੋਂ ਬਾਅਦ ਸੰਥਾਰਾ ਗ੍ਰਹਿਣ ਕਰਦੇ

ਹਨ। ਪਾਪਾਂ ਦੀ ਆਲੋਚਨਾ ਕਰਦੇ ਹੋਏ, ਪ੍ਰਤਿਕ੍ਰਮਣ ਰਾਹੀਂ ਅੰਤਿਮ ਸਮਾਧੀ ਪ੍ਰਾਪਤ ਕਰਦੇ ਹਨ। ਸਮਾਧੀ ਤੋਂ ਬਾਅਦ ਕਾਲ ਕਰਕੇ ਮਹਾਨ ਰਿਧੀ ਸਿੱਧੀ, ਸੁਖ ਵਾਲੇ ਕਿਸੇ ਦੇਵ ਲੋਕ ਵਿੱਚ ਉਤਪੰਨ ਹੁੰਦੇ ਹਨ। ਦੇਵਲੋਕ ਵਾਰੇ ਪਹਿਲਾ ਕੀਤਾ ਵਰਨਣ ਸਮਝਣਾ ਚਾਹੀਦਾ ਹੈ।

ਇਹ ਸਥਾਨ ਧਰਮਪਥ (ਆਰਿਆ ਹੈ) ਏਕਾਂਤ ਸਮਿਅਕ ਤੇ ਉੱਤਮ ਹੈ। ਇਸ ਮਿਸ਼ਰ ਪਖ ਦਾ ਵਰਨਣ ਇਸੇ ਪ੍ਰਕਾਰ ਕੀਤਾ ਗਿਆ ਹੈ, ਇਸ ਤੀਸਰੇ ਥਾਂ ਦਾ ਸਵਾਮੀ ਅਵਿਰਤੀ ਪਖੋਂ, ਬਾਲ (ਅਗਿਆਨੀ) ਵਿਰਤੀ ਪਖੋਂ ਪੰਡਿਤ, (ਸਮਝਦਾਰ) ਤੇ ਵਿਰਤ ਅਵਿਰਤੀ ਅਵਿਰਤ ਪਖੋਂ ਬਾਲ ਪੰਡਿਤ (ਕੁਝਅਗਿਆਨੀ ਤੇ ਕੁਝ ਸਮਝਦਾਰ) ਅਖਵਾਉਂਦਾ ਹੈ। ਇਥੇ ਜੋ ਹਮੇਸ਼ਾ ਲਈ ਤਿਨ ਸਥਾਨਾਂ ਪਾਪਾਂ ਅਨਿਵਰਤ ਸਥਾਨ ਹੈ ਉਹ ਆਰੰਬ ਹੈ ਜੋ ਪਾਪ ਦਾ ਘਰ ਹੈ, ਅਨਾਰਿਆ ਹੈ ਸਾਰੇ ਦੁੱਖਾਂ ਦਾ ਖਤਮ ਕਰਨ ਦਾ ਰਾਹ ਨਹੀਂ। ਮਿਥਿਆ ਅਤੇ ਬੁਰਾ ਹੈ, ਦੂਸਰਾ ਸਥਾਨ ਸਾਰੇ ਪਾਪਾਂ ਤੋਂ ਰਹਿਤ ਹੈ ਅਨਾਆਰੰਬ (ਹਿੰਸਾ ਰਹਿਤ) ਤੇ ਆਰਿਆ ਹੈ ਸਾਰੇ ਦੁੱਖਾਂ ਦਾ ਖਤਮ ਕਰਨ ਵਾਲਾ ਹੈ, ਉੱਤਮ ਤੇ ਸਹੀ ਹੈ।

ਤੀਸਰਾ ਸਥਾਨ ਜਿਸ ਵਿਚ ਕੁਝ ਪਾਪ ਤੇ ਵਲ ਲਗਾਵ ਤੋਂ ਛੁੱਟਕਾਰਾ ਹੈ ਆਰੰਬ-ਅਨਾਰੰਬ ਸਥਾਨ ਹੈ ਉਹ ਆਰਿਆ ਹੈ ਇਥੇ ਸਾਰੇ ਦੁੱਖਾਂ ਦਾ ਨਾਸ਼ਕ, ਏਕਾਂਤ ਸਮਿਅਕ ਤੇ ਉਤਮ ਹੈ। (39)

ਸੰਖੇਪ ਵਿਚ ਵਿਚਾਰ ਕਰਨ ਤੇ ਤਿੰਨ ਪਖਾਂ ਦਾ ਇਨ੍ਹਾਂ ਦੋ ਸਥਾਨਾਂ ਵਿਚ ਪਰਵੇਸ਼ ਹੋ ਜਾਂਦਾ ਹੈ ਇਹ ਹਨ ਧਰਮ ਤੇ ਅਧਰਮ ਅਤੇ ਉਪਸਾਂਤ ਤੇ ਅਨੁਉਪਸਾਂਤ. ਪਹਿਲਾ ਜੋ ਅਧਰਮ ਸਥਾਨ ਦਾ ਵਿਚਾਰ ਕੀਤਾ ਗਿਆ ਹੈ ਉਸ ਵਿਚ 363 ਮੱਤਵਾਦੀਆਂ ਦੇ ਵਿਚਾਰ ਆ ਗਏ ਹਨ, ਇਹ ਪੁਰਾਤਨ ਅਚਾਰਿਆ ਨੇ ਕਿਹਾ ਹੈ ਇਹ ਮੱਤ ਹਨ। ਕ੍ਰਿਆਵਾਦੀ, ਅਕ੍ਰਿਆਵਾਦੀ, ਅਗਿਆਨਵਾਦੀ, ਵਿਨੈਵਾਦੀ ਇਹ ਲੋਕ ਵੀ ਨਿਰਵਾਣ (ਮੋਕਸ਼) ਦੀ ਗੱਲ ਕਰਦੇ ਹਨ। ਧਰਮ ਦੇ ਵਿਚਾਰ ਦਸਦੇ ਹਨ। ਉਹ ਵੀ ਅਪਣਾ ਧਰਮ ਉਪਦੇਸ਼ ਅਪਣੇ ਉਪਾਸਕ ਨੂੰ ਸੁਣਾ ਦਿੰਦੇ ਹਨ। ਧਰਮ ਦੇ ਵਿਚਾਰ ਦਸਦੇ ਹਨ। (40)

## ਅਹਿੰਸਾ ਕਸੌਟੀ ਜਾਂ ਤਕੜੀ

ਇਹ ਸਾਰੇ 363 ਧਰਮ ਆਦਿ ਕਰਨ ਵਾਲੇ, ਅਨੇਕਾਂ ਪ੍ਰਕਾਰ ਦੀ ਬੁਧੀ (ਪ੍ਰਕ੍ਰਿਆ) ਅਭਿਪ੍ਰਾਏ, ਆਚਾਰ, ਦਰਿਸ਼ਟੀ ਰੁਚੀ, ਆਰੰਭ ਤੇ ਨਿਸ਼ਚੈ ਵਾਲੇ, ਮੰਡਲ ਗੋਲ ਚੱਕਰ ਬਨਾਕੇ ਇਕ ਜਗ੍ਹਾ ਤੇ ਬੈਠ ਜਾਣ। ਅਜੇਹੇ ਮੌਕੇ ਤੇ ਕੋਈ ਪੁਰਸ਼ ਅੱਗ ਦੇ ਅੰਗਾਰੇ ਨਾਲ ਭਰੀ ਹੋਈ ਕੋਲੀ ਨੂੰ ਸੰਡਾਸੀ ਨਾਲ ਪਕੜ ਕੇ ਲੈ ਆਵੇ, ਉਹ ਉਨ੍ਹਾਂ (363) ਧਰਮ ਪ੍ਰਵਤਕਾਂ ਭਿੰਨ ਭਿੰਨ ਬੁਧੀ ਵਾਲੇ ਤੇ, ਨਿਸ਼ਚੈ ਅਭਿਪ੍ਰਾਏ, ਸੁਭਾਵ, ਦਰਿਸ਼ਟੀ, ਰੁਚੀ ਆਰੰਬ ਵਾਲੇ ਮੱਤਵਾਦੀਆਂ ਨੂੰ ਆਖੇ—